
# ਚਮਕੌਰ ਦੀ ਗੜ੍ਹੀ

ਹਰਚਰਨ ਸਿੰਘ



# ਚਮਕੌਰ ਦੀ ਗੜ੍ਹੀ

[ ਸੰਪੂਰਨ ਨਾਟਕ ]


## ਹਰਚਰਨ ਸਿੰਘ



ਸਿੰਘ ਬ੍ਰਦਰਜ਼
ਮਾਈ ਸੇਵਾਂ, ਅੰਮ੍ਰਿਤਸਰ

ਪਹਿਲੀ ਵਾਰ : ੧੯੬੯
ਦੂਜੀ ਵਾਰ : ੧੯੭੭
ਤੀਜੀ ਵਾਰ : ੧੯੭੮
ਚੌਥੀ ਵਾਰ : ੧੯੭੮
ਪੰਜਵੀਂ ਵਾਰ : ੧੯੮੦
ਛੇਵੀਂ ਵਾਰ : ੧੯੮੭

ਚਿੱਤਰਕਾਰ : ਦਲੀਪ ਸਿੰਘ ਆਰਟਿਸਟ

ਪ੍ਰਕਾਸ਼ਕ : ਸਿੰਘ ਬ੍ਰਦਰਜ਼
ਮਾਈ ਸੇਵਾਂ, ਅੰਮ੍ਰਿਤਸਰ

ਪ੍ਰਿੰਟਰ : ਲਾਕਟ ਪ੍ਰਿੰਟਰਜ਼
ਬਾਬਾ ਭੋੜੀ ਵਾਲਾ, ਅੰਮ੍ਰਿਤਸਰ

ਮੁੱਲ : ੨੦-੦੦

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ

ਤਿੰਨ ਸੌਵੀਂ ਵਰ੍ਹੇ-ਗੰਢ ਦੇ ਅਵਸਰ ਤੇ ਰਚਿਆ

ਇਹ ਨਾਟਕ ਭੇਟ ਹੈ

ਉਨ੍ਹਾਂ ਅਨਗਿਣਤ ਦਰਸ਼ਕਾਂ ਤੇ ਪਾਠਕਾਂ

ਨੂੰ

ਜਿਨ੍ਹਾਂ ਨੇ ਇਸ ਨੂੰ ਰੰਗ-ਮੰਚ ਉਤੇ ਦੇਖਿਆ,

ਪੜ੍ਹਿਆ ਤੇ ਸਲਾਹਿਆ ।

# ਇਸੇ ਕਲਮ ਤੋਂ

ਨਾਟਕ : ਮਿਟੀ ਧੁੰਧ ਜਗਿ ਚਾਨਣੁ ਹੋਆ, ਪੰਨਿਆ ਦਾ ਚੰਨ, ਕਲ ਅਜ ਤੇ ਭਲਕ, ਹਿੰਦ ਦੀ ਚਾਦਰ, ਮਸੀਹਾ ਸੂਲੀ ਤੇ ਮੁਸਕ੍ਰਾਇਆ, ਦੇਖ ਕਬੀਰਾ ਰੋਯਾ, ਕਾਮਾਗਾਟਾ ਮਾਰੂ, ਕੰਚਨ ਮਾਟੀ, ਸੋਭਾ ਸ਼ਕਤੀ, ਰੱਤਾ ਸਾਲੂ, ਦੋਸ਼, ਰਾਜਾ ਪੋਰਸ, ਅਨਜੋਤ, ਖੇਡਣ ਦੇ ਦਿਨ ਚਾਰ, ਤੇਰਾ ਘਰ ਸੋ ਮੇਰਾ ਘਰ।

ਇਕਾਂਗੀ : ਜੀਵਨ ਲੀਲ੍ਹਾ, ਮੇਰੇ ਚੋਣਵੇਂ ਇਕਾਂਗੀ। ਮੁੜ੍ਹਕੇ ਦੀ ਖੁਸ਼ਬੋ, ਜਫਰਨਾਮਾ ਤੇ ਹੋਰ ਇਕਾਂਗੀ।

ਕਹਾਣੀਆਂ : ਸਿੱਪੀਆਂ, ਨਵੀਂ ਸਵੇਰ, [illegible]

ਸੰਪਾਦਨ : ਪੰਜਾਬੀ ਸਾਹਿੱਤ-ਧਾਰਾ, ਪੰਜਾਬੀ ਬਾਤ-ਚੀਤ।

ਆਲੋਚਨਾ : ਨਾਟਕ-ਕਲਾ ਤੇ ਹੋਰ ਲੇਖ, ਪੰਜਾਬੀ ਵਾਰਤਕ ਦਾ ਜਨਮ ਤੇ ਵਿਕਾਸ।

## ਦੋ ਸ਼ਬਦ

'ਚਮਕੌਰ ਦੀ ਗੜ੍ਹੀ' ਨੂੰ ਆਰੰਭ ਵਿਚ ਮੈਂ ਸੰਪੂਰਨ ਨਾਟਕ ਦੇ ਰੂਪ ਵਿਚ ਹੀ ਚਿਤਵਿਆ ਸੀ। ਨਾਟਕ ਦੇ ਨਾਂ ਤੋਂ ਇਹ ਗੱਲ ਸਪੱਸ਼ਟ ਹੈ। ਸਾਰੇ ਨਾਟਕ ਦਾ ਘਟਨਾ-ਸਥਾਨ ਚਮਕੌਰ ਸਾਹਿਬ ਹੀ ਹੈ। ਤਿੰਨੇ ਝਾਕੀਆਂ ਪਰਤਵੇਂ ਪ੍ਰਕਾਸ਼ (ਫ਼ਲੈਸ਼ ਬੈਕ) ਦੀ ਵਿਧੀ ਰਾਹੀਂ ਹੀ ਰੂਪਮਾਨ ਕਰਨ ਦੀ ਯੋਜਨਾ ਸੀ। ਸਮੇਂ ਦੀ ਤਰਤੀਬ ਵੀ ਇਸ ਵਿਉਂਤ ਨੂੰ ਪ੍ਰਗਟ ਕਰਦੀ ਹੈ। ਪਹਿਲੀ ਝਾਕੀ ਅਰਥਾਤ 'ਚਮਕੌਰ ਦੀ ਗੜ੍ਹੀ' ਦੀ ਮਹਾਨ ਘਟਨਾ ਵਾਪਰਨ ਦਾ ਅਸਲ ਸਮਾਂ ੧੭੦੫ ਹੈ। 'ਜ਼ਫ਼ਰਨਾਮਾ' ਦੇ ਔਰੰਗਜ਼ੇਬ ਦੇ ਹੱਥਾਂ ਵਿਚ ਪੁੱਜਣ ਦਾ ਸੰਨ ੧੭੦੬ ਹੈ ਅਤੇ 'ਸਰਹੰਦ ਦੀ ਕੰਧ' ਜਾਂ ਵਜ਼ੀਰ ਖ਼ਾਨ ਦੀ ਮੌਤ ਦਾ ਸਮਾਂ ੧੭੧੦ ਹੈ। ਬੋਹ ਵਿਗਿਆਨੀਆਂ ਨੂੰ ਥਾਂ ਪਰ ਥਾਂ ਘੁਮਾ ਕੇ ਮੈਂ ਇਤਿਹਾਸਕ ਨਾਟਕ ਦਾ ਪ੍ਰਭਾਵ ਨਹੀਂ ਸੀ ਦੇਣਾ ਚਾਹੁੰਦਾ। ਪਰਤਵਾਂ ਪ੍ਰਕਾਸ਼ ਵਿਧੀ ਕੇਵਲ ਸਮੇਂ ਸਥਾਨ ਦੀ ਏਕਤਾ ਦਾ ਭੁਲਾਵਾ ਹੀ ਪਾਉਂਦੀ ਹੈ।

ਪਰ ਮਨ-ਇੱਛਤ ਗੱਲ ਪੂਰੀ ਨਾ ਹੋ ਸਕੀ। ਨਾਟਕ ਦੀਆਂ ਤਿੰਨੇ ਝਾਕੀਆਂ ਵਖੋ ਵਖ ਸਮੇਂ ਲਿਖੀਆਂ ਗਈਆਂ ਸਨ ਅਤੇ ਪੁਸਤਕ ਪ੍ਰਕਾਸ਼ਤ ਕਰਨ ਸਮੇਂ ਅਜੁੜਵੀਆਂ ਹੀ ਰਹਿ ਗਈਆਂ। ਇਹ ਘਾਟ ਪਹਿਲੀ ਦਫ਼ਾ ਮੈਨੂੰ ਖ਼ੁਦ ਬੰਬਈ ਵਿਚ ਚਮਕੌਰ ਦੀ ਗੜ੍ਹੀ ਪੇਸ਼ ਕਰਨ ਸਮੇਂ ਖਟਕੀ। ਏਸ਼ੀਆ ਭਰ ਦਾ ਸਭ ਤੋਂ ਵੱਡਾ ਨਾਟ-ਘਰ ਸਨਮੁਖ ਨੰਦਾ ਹਾਲ ਦੇ ਮੈਨੇਜਰ ਦੇ ਕਥਨ ਅਨੁਸਾਰ ਇਹ ਥੀਏਟਰ ਪਹਿਲੀ ਦਫ਼ਾ ਖਚਾ ਖਚ ਭਰਿਆ ਸੀ। ਦਰਸ਼ਕ ਦੂਰੋਂ ਦੂਰੋਂ ਕਰਾਇਆ ਖ਼ਰਚ ਕੇ ਤੇ ਟਿਕਟਾਂ ਖ਼ਰੀਦ ਕੇ ਨਾਟਕ ਦੇਖਣ ਆਏ ਸਨ। ਉਸ ਸਮੇਂ ਪੰਜਾਬ ਕਲਾ ਮੰਚ ਨੇ ਕੇਵਲ ਦੋ ਝਾਕੀਆਂ 'ਚਮਕੌਰ ਦੀ ਗੜ੍ਹੀ' ਤੇ 'ਸਰਹੰਦ ਦੀ ਕੰਧ' ਪੇਸ਼ ਕੀਤੀਆਂ ਸਨ। ਖੇਡ ਨੂੰ ਕੁਲ ਡੇਢ ਘੰਟਾ ਲੱਗਾ ਸੀ। ਦਰਸ਼ਕ ਦੋ ਢਾਈ ਘੰਟੇ ਦਾ ਨਾਟਕ ਦੇਖਣ ਲਈ ਮਨ ਬਣਾ ਕੇ ਆਏ ਹੋਏ ਸਨ। ਪ੍ਰਬੰਧਕਾਂ ਨੇ ਵੀ ਸਾਨੂੰ ਇਸ ਥੁੜ ਨੂੰ ਮਹਿਸੂਸ ਕਰਵਾਇਆ। ਪੇਸ਼ਕਾਰੀ ਦੀ ਸਫ਼ਲਤਾ ਤੋਂ ਬਾਅਦ ਦੋ ਤਿੰਨ ਅਤੀ ਸੂਝਵਾਨ ਦਰਸ਼ਕਾਂ ਨੇ, ਜਿਨ੍ਹਾਂ ਵਿਚ ਸ੍ਰੀ ਬਲਰਾਜ ਸਾਹਨੀ ਵੀ ਸੀ, ਵਿਅੰਗ ਨਾਲ ਪੁਛਿਆ ਕਿ ਬੋਹ-ਵਿਗਿਆਨੀ ਵਿਚਾਰੇ ਕਿਧਰ ਗ਼ਾਇਬ ਕਰ ਦਿਤੇ। ਨਾਟਕ ਦੇ ਨਿਵੇਕਲੇ ਆਰੰਭ ਦੀ ਉਨ੍ਹਾਂ ਨੇ ਉਚੇਚੀ ਪ੍ਰਸੰਸਾ ਕੀਤੀ। ਉਨ੍ਹਾਂ ਦਾ ਸੁਝਾਅ ਠੀਕ ਸੀ। ਬੋਹ-ਵਿਗਿਆਨੀਆਂ ਨੂੰ ਅਖ਼ੀਰ ਤਕ ਸਥਾਪਤ ਰਖਣ ਨਾਲ ਨਾ ਕੇਵਲ ਦੋਵੇਂ ਝਾਕੀਆਂ ਜੁੜਵੀਆਂ ਲਗਦੀਆਂ ਸਨ ਸਗੋਂ ਨਾਟਕ ਦਾ ਮਨੋਰਥ ਵੀ ਵਧੇਰੇ ਸਪੱਸ਼ਟ ਸਾਰਥਕ ਤੇ ਇਕਾਗਰ ਹੋ ਜਾਂਦਾ ਸੀ।

ਜੁਲਾਈ ੧੯੭੪ ਵਿਚ ਮੈਂ ਸਬੱਬ ਨਾਲ ਕੈਨੇਡਾ ਵਿਚ ਪੰਜਾਬੀਆਂ ਦੇ ਸਭ ਤੋਂ ਵੱਧ ਵਸੋਂ ਵਾਲੇ ਸ਼ਹਿਰ ਟਰਾਂਟੋ ਵਿਚ ਹੀ ਸੀ, ਜਦੋਂ ਹਰਪਾਲ ਤੇ ਨੀਨਾ ਟਿਵਾਣਾ ਨੇ 'ਚਮਕੌਰ ਦੀ ਗੜ੍ਹੀ' ਪੇਸ਼ ਕੀਤਾ। ਦਰਸ਼ਕਾਂ ਵਿਚ ਗ਼ੈਰ-ਪੰਜਾਬੀ ਕੈਨੇਡੀਅਨ ਵੀ ਹਾਜ਼ਰ ਸਨ। ਉਸ ਸਮੇਂ ਮੈਂ ਹੋਰ ਵੀ ਸ਼ਿੱਦਤ ਨਾਲ ਮਹਿਸੂਸ ਕੀਤਾ ਕਿ ਤਿੰਨਾਂ ਅੰਕਾਂ ਨੂੰ ਇਕੋ ਲੜੀ ਵਿਚ ਪਰੋਣਾ ਬਹੁਤਾ ਜ਼ਰੂਰੀ ਹੈ।

ਇਹ ਨਾਟਕ ਰਚਣ ਦਾ ਮੇਰਾ ਜ਼ਾਹਰਾ ਮਨੋਰਥ ਆਪਣੇ ਇਤਿਹਾਸਕ ਵਿਰਸੇ ਨੂੰ ਨਾਟਕੀ ਰੂਪ ਵਿਚ ਪੇਸ਼ ਕਰਨ ਦਾ ਹੈ। ਸਿਖ ਇਤਿਹਾਸ ਦੇਸ ਦਾ ਕੌਮੀ ਖ਼ਜ਼ਾਨਾ ਹੈ। ਡਾ: ਹਰੀ ਰਾਮ ਗੁਪਤਾ ਨੇ ਠੀਕ ਹੀ ਲਿਖਿਆ ਹੈ "ਭਾਰਤ ਦੇ ਸਾਰੇ ਸੂਬਿਆਂ ਵਿਚੋਂ ਪੰਜਾਬ, ਜਿਥੇ ਭਾਰਤ ਦਾ ਅਤੇ ਉੱਤਰ ਪੱਛਮ ਦੇ ਸਦਾ ਤੁਰੇ ਰਹਿਣ ਵਾਲੇ ਲੋਕਾਂ ਦਾ ਮੇਲ ਹੁੰਦਾ ਰਿਹਾ, ਹਮੇਸ਼ਾ ਹੀ ਖ਼ਾਸ ਦਿਲਚਸਪੀ ਵਾਲਾ ਵਿਸ਼ਾ ਰਹੇਗਾ। ਇਸੇ ਤਰ੍ਹਾਂ ਪੰਜਾਬ ਦੇ ਇਤਿਹਾਸ ਵਿਚ ਹੋਰ ਕੋਈ ਪੱਖ ਇੰਨਾ ਰੋਚਕ ਨਹੀਂ, ਜਿੰਨਾ ਸਿੱਖਾਂ ਦਾ ਇਤਿਹਾਸ।......ਸਿੱਖਾਂ ਨੇ ਉਤਰ ਵਲੋਂ ਪਰਦੇਸੀਆਂ ਦੇ ਹਮਲਿਆਂ ਨੂੰ ਸਦਾ ਲਈ ਬੰਦ ਕਰ ਕੇ ਭਾਰਤ ਦੀ ਸਭ ਤੋਂ ਵਧੀਆ ਸੇਵਾ ਕੀਤੀ ਹੈ।"

ਮਹਾਨ ਗੁਰੂ, ਚਾਰੇ ਸਾਹਿਬਜ਼ਾਦੇ ਅਤੇ ਸਿੰਘ ਸੂਰਮਿਆਂ ਦੀਆਂ ਲਾਸਾਨੀ ਕੁਰਬਾਨੀਆਂ ਅਤੇ ਬੀਰ-ਰਸ ਭਰਪੂਰ ਅਦੁੱਤੀ ਸਾਕਿਆਂ ਨੂੰ ਵਰਤਮਾਨ ਸਥਿਤੀ ਅਨੁਕੂਲ ਰਖ ਕੇ ਭਵਿੱਖ ਵਿਚ ਕੌਮੀ ਚਰਿਤਰ ਉਸਾਰੀ ਦੇ ਆਸ਼ੇ ਨਾਲ ਮੈਂ ਇਹ ਨਾਟਕ ਪੇਸ਼ ਕਰ ਰਿਹਾ ਹਾਂ।

'ਚਮਕੌਰ ਦੀ ਗੜ੍ਹੀ' ਦੀ ਦੂਜੀ ਐਡੀਸ਼ਨ ਪ੍ਰਕਾਸ਼ਤ ਹੋਣ ਸਮੇਂ ਮੈਨੂੰ ਮੁੱਢਲੀ ਭੁੱਲ ਸੋਧਣ ਦਾ ਅਵਸਰ ਮਿਲਿਆ ਹੈ। ਹਥਲੇ ਸੰਸਕਰਣ ਨੂੰ ਮੈਂ ਸੰਪੂਰਨ ਨਾਟਕ ਦਾ ਰੂਪ ਦੇ ਦਿੱਤਾ ਹੈ। ਇਹ ਹੁਣ ਇਕੋ ਸੈੱਟ ਤੇ ਥੋੜੀ ਜਿਹੀ ਤਬਦੀਲੀ ਨਾਲ ਪੇਸ਼ ਕੀਤਾ ਜਾ ਸਕਦਾ ਹੈ।

'ਚਮਕੌਰ ਦੀ ਗੜ੍ਹੀ' ਦਾ ਰੰਗ ਮੰਚ ਦਾ ਇਤਿਹਾਸ ਬਹੁਤ ਲੰਮਾ ਤੇ ਦਿਲਚਸਪ ਹੈ। ਪੰਜਾਬੀ ਦਾ ਇਹ ਪਹਿਲਾ ਨਾਟਕ ਹੈ ਜੋ ਪੰਜਾਬ ਦੇ ਇਕ ਨਾਟ ਟੋਲੇ 'ਪੰਜਾਬ ਕਲਾ ਮੰਚ' ਵਲੋਂ ਪੰਜਾਬ ਤੋਂ ਬਾਹਰ ਭਾਰਤ ਦੇ ਮੁਖ ਸ਼ਹਿਰਾਂ ਅਤੇ ਕੈਨੇਡਾ ਤੇ ਅਮਰੀਕਾ ਦੇ ਮਹਾਂ ਨਗਰਾਂ ਵਿਚ ਪੇਸ਼ ਕੀਤਾ ਗਿਆ ਹੈ। ਪੰਜਾਬੀ ਰੰਗ ਮੰਚ ਦੀ ਪਰੰਪਰਾ ਨੂੰ ਸਥਾਪਤ ਕਰਨ ਵਿਚ ਇਸ ਨੇ ਕੀ ਰੋਲ ਅਦਾ ਕੀਤਾ ਹੈ, ਇਸ ਦਾ ਨਿਰਣਾ ਨਾਟ-ਆਲੋਚਕਾਂ ਨੇ ਅਜੇ ਕਰਨਾ ਹੈ।

ਮੈਂ ਉਨ੍ਹਾਂ ਅਨਗਿਣਤ ਪਾਠਕਾਂ ਤੇ ਸਮੂਹ ਦਰਸ਼ਕਾਂ ਦਾ ਦਿਲੋਂ ਧੰਨਵਾਦੀ ਹਾਂ ਜਿਨ੍ਹਾਂ ਨੇ ਇਸ ਨਾਟਕ ਨੂੰ ਪੜ੍ਹ ਕੇ ਜਾਂ ਮੰਚ ਉਤੇ ਦੇਖ ਕੇ ਮਾਣਿਆ ਅਤੇ ਸਲਾਹਿਆ।

੧੦੪੮/੧੫ ਬੀ
ਚੰਡੀਗੜ੍ਹ

ਹਰਚਰਨ ਸਿੰਘ

ਪਰਦਾ ਉੱਠਣ ਤੋਂ ਪਹਿਲਾਂ

## ਦਰਸ਼ਕਾਂ ਨਾਲ ਦੋ ਗੱਲਾਂ

[ਪਹਿਲੀ ਐਡੀਸ਼ਨ ਦੀ ਭੂਮਿਕਾ]

ਲੰਡਨ ਦੀ ਜਗਤ ਪਰਸਿੱਧ ਨਾਟ-ਮੰਡਲੀ 'ਸ਼ੇਕਸਪੀਰੇਅਨਾ' ਦੇ ਸੰਚਾਲਕ ਸ੍ਰੀ ਕੰਦਲ ਜਾਫ਼ਰੀ ਨੇ ਕੁਝ ਸਾਲ ਹੋਏ, ਭਾਰਤੀ ਨਾਟਕ-ਕਾਰਾਂ ਤੇ ਦਰਸ਼ਕਾਂ ਨੂੰ ਚੇਤੇ ਕਰਾਇਆ ਸੀ ਕਿ ਕਿਸੇ ਵੀ ਦੇਸ਼ ਦਾ ਥੀਏਟਰ ਕਸਬੀ ਨਾਟ-ਮੰਡਲੀਆਂ ਦੀ ਹੋਂਦ ਤੋਂ ਬਿਨਾਂ ਉੱਨਤ ਨਹੀਂ ਹੋ ਸਕਦਾ। ਸ਼ੌਕੀਆ ਨਾਟ-ਮੰਡਲੀਆਂ ਝਟ ਤਾਂ ਟਪਾ ਸਕਦੀਆਂ ਹਨ, ਪਰ ਕਲਾ-ਖੇਤਰ ਵਿਚ ਵਿਸ਼ੇਸ਼ ਪ੍ਰਾਪਤੀ ਨਹੀਂ ਕਰ ਸਕਦੀਆਂ, ਕਿਉਂਕਿ ਨ ਤਾਂ ਉਹ ਲੋੜੀਂਦੀ ਮਿਹਨਤ ਕਰ ਸਕਦੀਆਂ ਹਨ ਅਤੇ ਨ ਹੀ ਥਾਂ-ਪਰ-ਥਾਂ ਤੁਰ ਫਿਰ ਕੇ ਉੱਚੀ ਪੱਧਰ ਦਾ ਖੇਲ ਪੇਸ਼ ਕਰ ਸਕਦੀਆਂ ਹਨ। ਤੇ ਜਦੋਂ ਤਕ ਇਕ ਨਾਟਕ ਕਿਸੇ ਮਾਹਿਰ ਨਿਰਦੇਸ਼ਕ ਦੀ ਨਿਗਰਾਨੀ ਹੇਠ ਮਹੀਨਿਆਂ ਬੱਧੀ ਅਭਿਆਸ ਤੋਂ ਬਾਅਦ ਘਟੋ-ਘਟ ਤੀਹ ਚਾਲੀ ਦਫ਼ਾ ਖੇਡਿਆ ਨਹੀਂ ਜਾਂਦਾ, ਉਦੋਂ ਤਕ ਨ ਤਾਂ ਉਸ ਨਾਟਕ ਦੀ ਸਮਰਥਾ ਉਘੜਦੀ ਹੈ ਅਤੇ ਨ ਹੀ ਉਸ ਦਾ ਖ਼ਰਚ ਪੂਰਾ ਹੁੰਦਾ ਹੈ।

ਇਸੇ ਤਰ੍ਹਾਂ ਦੀ ਗੱਲ ਪਿਛੇ ਜਹੇ ਸ੍ਰੀ ਗੁਰਦਿਆਲ ਸਿੰਘ ਖੋਸਲਾ ਨੇ ਪੰਜਾਬੀ ਯੂਨੀਵਰਸਿਟੀ ਵਿਚ ਇਕ ਭਾਸ਼ਨ ਦੇ ਦਿਆਂ ਕਹੀ ਸੀ। ਬਹੁਤ ਸਾਰੇ ਸਰੋਤੇ ਹੈਰਾਨ ਸਨ ਜਦੋਂ ਖੋਸਲਾ ਜੀ ਨੇ ਕਿਹਾ ਕਿ ਪੰਜਾਬ ਵਿਚ ਥੀਏਟਰ ਅਜੇ ਤਕ ਹੋਂਦ ਵਿਚ ਨਹੀਂ ਆਇਆ। ਇਥੇ ਨਾਟਕ ਨੂੰ ਅਜੇ ਵੀ 'ਚੇਟਕ' ਸਮਝਿਆ ਜਾਂਦਾ ਹੈ। ਥੀਏਟਰ ਉਦੋਂ ਹੀ ਹੋਂਦ ਵਿਚ ਆਇਆ ਖ਼ਿਆਲ ਕੀਤਾ ਜਾ ਸਕਦਾ ਹੈ, ਜਦੋਂ ਸਭਿਆਚਾਰਕ ਸੰਸਥਾਵਾਂ ਤੇ ਸਾਹਿੱਤ-ਸਭਾਵਾਂ ਅਤੇ ਚਾਹ-ਘਰਾਂ ਵਿਚ

ਆਮ ਚਰਚਾ ਦਾ ਵਿਸ਼ਾ ਨਾਟਕ ਬਣ ਜਾਵੇ, ਸ਼ਾਮ ਨੂੰ ਲੋਕੀ ਸਭਿਆਚਾਰਕ ਭੁੱਖ ਮਿਟਾਣ ਲਈ ਡਰਾਮਾ ਦੇਖਣ ਨੂੰ ਉਤਾਵਲੇ ਹੋਣ; ਨਾਟ-ਮੰਡਲੀਆਂ ਨੂੰ ਥਾਂ ਥਾਂ ਤੋਂ ਨਾਟਕ ਪੇਸ਼ ਕਰਨ ਲਈ ਸੱਦੇ ਆਉਣ; ਪਰਬੰਧਕਾਂ ਨੂੰ ਖੇਲ ਦਾ ਖ਼ਰਚ ਪੂਰਾ ਕਰਨ ਦਾ ਤਾਪ ਨ ਚੜ੍ਹਿਆ ਹੋਵੇ।

ਪੰਜਾਬ ਵਿਚ ਸਹੀ ਅਰਥਾਂ ਵਿਚ ਕਲਾ-ਮੰਚ ਹੋਂਦ ਵਿਚ ਨਹੀਂ ਆਇਆ। ਸਕੂਲਾਂ, ਕਾਲਜਾਂ ਤੇ ਕਲੱਬਾਂ ਵਿਚ ਕਦੇ-ਕਦਾਈਂ ਸ਼ੌਕੀਆ ਤੌਰ ਤੇ ਨਾਟਕ ਦਾ ਖੇਡਿਆ ਜਾਣਾ ਜਾਂ ਸਾਲ ਵਿਚ ਇਕ-ਅੱਧ ਵਾਰ ਨਾਟ-ਮੇਲਾ ਰਚਾ ਲੈਣ ਨਾਲ ਥੀਏਟਰ ਹੋਂਦ ਵਿਚ ਨਹੀਂ ਆ ਜਾਂਦਾ। ਐਨੀ ਨਿਰਾਸ਼ਾ-ਜਨਕ ਹਾਲਤ ਵੀ ਨਹੀਂ। ਪੰਜਾਬੀ ਮੰਚ ਦੇ ਸਥਾਪਤ ਹੋਣ ਦੀ ਆਸ ਜ਼ਰੂਰ ਬਝ ਗਈ ਹੈ। ਪੰਜਾਬ ਦੇ ਦੋ ਮੁਖ ਸ਼ਹਿਰਾਂ—ਪਟਿਆਲਾ ਤੇ ਅੰਮ੍ਰਿਤਸਰ—ਵਿਚ ਮੰਚ ਨੂੰ ਹੋਂਦ ਵਿਚ ਲਿਆਉਣ ਲਈ ਜਤਨ ਜ਼ਰੂਰ ਹੋ ਰਹੇ ਹਨ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ 'ਨਾਟਕ ਵਿਭਾਗ' ਖੋਲ੍ਹ ਕੇ ਇਸ ਪਾਸੇ ਵਲ ਤਕੜਾ ਕਦਮ ਚੁਕਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌਵੀਂ ਵਰ੍ਹੇ-ਗੰਢ ਦੇ ਅਵਸਰ ਲਈ ਜਦੋਂ ਮੈਂ ਮਹਾਨ ਗੁਰੂ ਨੂੰ ਸ਼ਰਧਾਂਜਲੀ ਭੇਟ ਕਰਨ ਖ਼ਾਤਰ ਹੱਥਲੇ ਨਾਟਕ ਲਿਖਣੇ ਆਰੰਭ ਕੀਤੇ ਤਾਂ ਮੈਨੂੰ ਚਿਤ-ਚੇਤਾ ਵੀ ਨਹੀਂ ਸੀ ਕਿ ਸਿਖ-ਇਤਿਹਾਸ ਦੇ ਇਹ ਨਾਟਕ ਮੰਚ ਉਤੇ ਐਨੇ ਲੋਕ-ਪ੍ਰਿਯ ਹੋਣਗੇ। 'ਇਤਿਹਾਸ ਜਵਾਬ ਮੰਗਦਾ ਹੈ' ਲਿਖ ਕੇ ਜਦੋਂ ਮੈਂ ਪਰਸਿੱਧ ਨਿਰਦੇਸ਼ਕ ਹਰਪਾਲ ਟਿਵਾਣਾ ਨੂੰ ਦਿੱਤਾ ਤਾਂ ਉਸ ਨੇ ਕਿਹਾ ਕਿ ਐਨ ਅਜਿਹੇ ਨਾਟਕ ਦੀ ਮੈਂ ਭਾਲ ਵਿਚ ਸਾਂ, ਜਿਸ ਵਿਚ ਪਾਤਰ ਘਟ ਤੋਂ ਘਟ ਹੋਣ, ਜਿਸ ਵਿਚ ਨਾਟਕੀ ਸੰਭਾਵਨਾਵਾਂ ਉਜਾਗਰ ਕਰਨ ਦੀ ਅਥਾਹ ਸ਼ਕਤੀ ਹੋਵੇ, ਜਿਸ ਦੀ ਕਹਾਣੀ ਇਤਿਹਾਸ ਦੀ ਜਾਣੀ-ਪਛਾਣੀ ਘਟਨਾ ਹੋਵੇ, ਅਤੇ ਜਿਸ ਦੇ ਵਿਸ਼ੇ ਤੇ ਵਾਰਤਾਲਾਪ ਵਿਚ ਦਰਸ਼ਕਾਂ ਦੇ ਮਨਾਂ ਤੇ ਭਾਵਾਂ ਨੂੰ ਟੁੰਬਣ ਦਾ ਬਲ ਹੋਵੇ। ਇਸ ਤੋਂ ਬਿਨਾਂ ਮੈਂ ਚਾਹੁੰਦਾ ਸਾਂ ਕਿ ਯੂਨਾਨੀ ਨਾਟਕਾਂ ਵਾਂਗ ਉਸ ਨਾਟਕ ਦਾ ਵਿਸ਼ਾ ਧਰਮ ਨਾਲ ਜੁੜਿਆ ਹੋਇਆ ਹੋਵੇ, ਕਿਉਂਕਿ ਨਾਟਕ-ਕਲਾ ਨੂੰ ਮੈਂ ਧਰਮ ਵਾਂਗ ਪਵਿੱਤਰ ਚੀਜ਼ ਸਮਝਦਾ ਹਾਂ। ਲੋਕਾਂ ਦਾ ਮੰਚ-ਕਲਾ ਵਲ ਰਵੱਈਆ ਬਦਲਣ ਲਈ ਵੀ ਇਹ ਜ਼ਰੂਰੀ ਹੈ।"

ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੁਨੀਆ ਭਰ ਦੇ ਇਤਿਹਾਸ ਦਾ ਇਕ ਅਦੁੱਤੀ ਸਾਕਾ ਹੈ। ਮੇਰੇ ਸਾਮ੍ਹਣੇ ਸਭ ਤੋਂ ਵੱਡੀ ਮੁਸ਼ਕਲ ਇਹ ਸੀ ਕਿ ਸਾਹਿਬਜ਼ਾਦਿਆਂ ਦੇ ਰੋਲ ਮੰਚ ਤੇ ਪੇਸ਼ ਨਹੀਂ ਸਨ ਕੀਤੇ ਜਾ ਸਕਦੇ। ਮੁਖ ਪਾਤਰਾਂ ਤੋਂ ਬਿਨਾਂ ਨਾਟਕ ਕਿਵੇਂ ਸੰਭਵ ਹੋ ਸਕਦਾ ਹੈ। ਸੋਚ-ਵਿਚਾਰ ਕੇ ਨਵਾਬ ਵਜ਼ੀਰ ਖ਼ਾਂ, ਸੂਬਾ ਸਰਹੰਦ ਦੀ ਜ਼ਿੰਦਗੀ ਦਾ ਅਜਿਹਾ ਨਾਟਕੀ ਮੌਕਾ ਚੁਣਿਆ (ਸਰਹੰਦ

ਦੇ ਬੰਦਾ ਬਹਾਦਰ ਦੇ ਹੱਥੋਂ ਫ਼ਤਹ ਹੋਣ ਤੋਂ ਇਕ ਦਿਨ ਪਹਿਲਾਂ) ਜਦੋਂ ਡਰ-ਭਉ ਨੇ ਉਸ ਦੀ ਗੁਨਾਹਾਂ ਭਰੀ ਜ਼ਮੀਰ ਨੂੰ ਕੰਬਾ ਦਿੱਤਾ ਸੀ* । ਇਸ ਤਰ੍ਹਾਂ ਅੰਤਰ-ਕਾਂਬਾ ਜਾਂ ਹਲੂਸੀਨੇਸ਼ਨ (Hallucination) ਦੇ ਰੂਪ ਵਿਚ "ਇਤਿਹਾਸ ਜਵਾਬ ਮੰਗਦਾ ਹੈ" (ਸਰਹੰਦ ਦੀ ਕੰਧ) ਪਰਗਟ ਹੋਇਆ । ਇਸ ਨਾਟਕ ਰਾਹੀਂ ਮੈਂ ਦਰਸ਼ਕਾਂ ਨੂੰ ਸਾਹਿਬਜ਼ਾਦਿਆਂ ਦੀ ਬੇਮਿਸਾਲ ਕੁਰਬਾਨੀ ਦੇ ਕੁਝ ਪਲਾਂ-ਛਿਨਾਂ ਦਾ ਅਨੁਭਵ ਕਰਵਾਉਣਾ ਚਾਹੁੰਦਾ ਸਾਂ । ਇਹ ਨਾਟਕ ਚਾਲੀ ਤੋਂ ਵਧ ਦਫ਼ਾ ਪੰਜਾਬ ਅਤੇ ਉਸ ਤੋਂ ਬਾਹਰ ਸ਼ਹਿਰਾਂ ਵਿਚ ਖੇਡਿਆ ਜਾ ਚੁੱਕਾ ਹੈ । ਪੰਜਾਬੀ ਮੰਚ ਨੂੰ ਹੋਂਦ ਵਿਚ ਲਿਆਉਣ ਲਈ ਇਹ ਇਕ ਨਿਮਾਣਾ ਪਰ ਸੁਚੇਤ ਜਤਨ ਹੈ ।

ਇਸ ਲੜੀ ਦਾ ਦੂਜਾ ਨਾਟਕ "ਚਮਕੌਰ ਦੀ ਗੜ੍ਹੀ" ਹੈ । ਇਹ ਵੀ ਸੂਰਮਗਤੀ ਦੀ ਇਕ ਲਾ-ਜਵਾਬ ਘਟਨਾ ਉਤੇ ਆਧਾਰਤ ਹੈ । ਚਮਕੌਰ ਦੀ ਕੱਚੀ ਗੜ੍ਹੀ ਵਿਚ ਗੁਰੂ ਗੋਬਿੰਦ ਸਿੰਘ ਜੀ ਦਾ ਗਿਣਤੀ ਦੇ ਸਿੰਘਾਂ ਸਮੇਤ ਮੁਗ਼ਲਾਂ ਦੀਆਂ ਅਣਗਿਣਤ ਫ਼ੌਜਾਂ ਤੇ ਮੁਲਖਈਏ ਨਾਲ ਟਾਕਰਾ ਸੰਸਾਰ ਦੇ ਇਤਿਹਾਸ ਦਾ ਇਕ ਅਦੁੱਤੀ ਕਾਰਨਾਮਾ ਹੈ । ਇਸ ਵਿਚ ਵੀ ਇਤਿਹਾਸਕ ਪਾਤਰਾਂ ਤੋਂ ਬਿਨਾਂ ਨਾਟਕ ਰਚਣ ਦੀ ਮਜਬੂਰੀ ਸੀ । ਇਸ ਲਈ ਮੈਂ ਉਹ ਨਾਟਕੀ ਮੌਕਾ ਚੁਣਿਆ, ਜਦੋਂ ਗੁਰੂ ਗੋਬਿੰਦ ਸਿੰਘ ਪੰਜਾਂ ਸਿੰਘਾਂ ਦੀ ਬੇਨਤੀ ਪਰਵਾਨ ਕਰ ਕੇ ਰਾਤ ਨੂੰ ਚਮਕੌਰ ਦੀ ਗੜ੍ਹੀ ਵਿਚੋਂ ਨਿਕਲ ਜਾਂਦੇ ਹਨ । ਦੂਜੇ ਦਿਨ ਨਵਾਬ ਵਜ਼ੀਰ ਖਾਂ ਨੂੰ ਪਤਾ ਲਗਣ ਤੇ ਉਸ ਦੇ ਗੁੱਸੇ ਤੇ ਮਾਯੂਸੀ ਦਾ ਕੋਈ ਹਦ-ਬੰਨਾ ਨਹੀਂ ਰਹਿੰਦਾ । ਇਹ ਨਾਟਕ ਭਾਰਤ ਦੇ ਸਭ ਤੋਂ ਵੱਡੇ ਤੇ ਵਧੀਆ ਥੀਏਟਰ ਸਨਮੁਖ ਨੰਦਾ ਹਾਲ ਬੰਬਈ ਵਿਚ ੩੦ ਦਸੰਬਰ ੧੯੬੮ ਨੂੰ ਪਹਿਲੀ ਵਾਰੀ ਸਫਲਤਾ ਨਾਲ ਖੇਡਿਆ ਗਿਆ । ਉਸ ਦੇ ਬਾਅਦ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਵਿਚ ਇਸ ਦੇ ਕਈ ਪ੍ਰਦਰਸ਼ਨ ਹੋ ਚੁੱਕੇ ਹਨ ।

ਤੀਜੇ ਇਕਾਂਗੀ "ਪਾਪ ਤਿਨ ਭੀਤਰਿ ਕੰਪਹਿ" ਵਿਚ ਪਾਤਰਾਂ ਦੀ ਚੋਣ

---

*ਸਮਾਣੇ ਪਰ ਸਿੰਘਾਂ ਦਾ ਕਬਜ਼ਾ ਹੋ ਜਾਣ ਦੀਆਂ ਜਦ ਸਰਹੰਦ ਖ਼ਬਰਾਂ ਪੁਜੀਆਂ ਤਾਂ ਸਰਹੰਦ ਦਾ ਹਾਕਮ ਵਜ਼ੀਰ ਖ਼ਾਨ ਘਬਰਾਇਆ । ਖ਼ਬਰਾਂ ਉਡ ਰਹੀਆਂ ਸਨ ਕਿ ਸਿੰਘ ਇੱਧਰ ਨੂੰ ਵਾਗਾਂ ਮੋੜਨ ਵਾਲੇ ਹਨ । ਬੰਦਾ ਸਿੰਘ ਅਤੇ ਉਸ ਦੇ ਸਾਥੀ ਸਿੰਘਾਂ ਦੇ ਸਰਹੰਦ ਪੁੱਜਣ ਪਰ ਇਸ ਸ਼ਹਿਰ ਉਤੇ ਕੀ ਭਾਣਾ ਵਰਤੇਗਾ, ਇਸ ਦਾ ਖ਼ਿਆਲ ਆ ਜਾਣ ਨਾਲ ਹੀ ਉਸ ਦਾ ਸਾਰਾ ਸਰੀਰ ਕੰਬ ਉਠਦਾ ਸੀ ਅਤੇ ਉਸ ਦੇ ਆਪਣੇ ਪਾਪ ਉਸ ਨੂੰ ਡਰਾ ਰਹੇ ਸਨ ।

—ਬੰਦਾ ਸਿੰਘ ਬਹਾਦਰ, ਡਾ: ਗੰਡਾ ਸਿੰਘ, ਸਫ਼ਾ ੩੬

ਵਿਚ ਕੋਈ ਅੱਕੜ ਜਾਂ ਡਰ ਨਹੀਂ ਸੀ। ਇਸ ਵਾਸਤੇ ਨਾਟਕ ਦੀਆਂ ਲੁਕੀਆਂ ਸ਼ਕਤੀਆਂ ਅੰਕਿਤ ਕਰਨ ਦੀ ਪੂਰੀ ਖੁਲ੍ਹ ਸੀ। ਜ਼ਫ਼ਰਨਾਮਾ ਫ਼ਾਰਸੀ ਵਿਚ ਲਿਖੀ ਗਈ ਚਿੱਠੀ ਹੈ, ਜਿਹੜੀ ਗੁਰੂ ਗੋਬਿੰਦ ਸਿੰਘ ਨੇ ਪਿੰਡ ਦੀਨਾ ਕਾਂਗੜ ਤੋਂ ਸੰਨ ੧੭੦੫ ਵਿਚ ਔਰੰਗਜ਼ੇਬ ਵਲ ਭਾਈ ਦਇਆ ਸਿੰਘ ਹੱਥ ਭੇਜੀ ਸੀ। ਜ਼ਫ਼ਰਨਾਮਾ ਰੂਹਾਨੀ ਜਿੱਤ ਦਾ ਅਮਰ ਨਿਸ਼ਾਨ ਹੈ। ਇਹ ਚੜ੍ਹਦੀ ਕਲਾ ਅਤੇ ਅਕਾਲ ਪੁਰਖ ਉਤੇ ਅਟੱਲ ਵਿਸ਼ਵਾਸ ਦੀ ਜੀਉਂਦੀ ਮਿਸਾਲ ਹੈ। ਉਸ ਸਮੇਂ ਕਿਸੇ ਦੀ ਮਜਾਲ ਨਹੀਂ ਸੀ ਕਿ ਮੁਗਲ ਸਾਮਾਰਾਜ ਦੇ ਸਭ ਤੋਂ ਸ਼ਕਤੀ-ਸ਼ਾਲੀ ਬੰਸ਼ ਔਰੰਗਜ਼ੇਬ ਨੂੰ ਵੰਗਾਰ ਸਕੇ। ਪਰ ਸਤਿਗੁਰੂ ਨੇ ਅਦੁੱਤੀ ਨਿਰਭੈਤਾ ਨਾਲ ਉਸ ਨੂੰ ਕਿਹਾ—"ਬੇਸ਼ਕ ਤੂੰ ਮੁਲਕ ਦਾ ਬਾਦਸ਼ਾਹ ਹੈਂ, ਪਰ ਧਰਮ ਤੇ ਈਮਾਨਦਾਰੀ ਤੋਂ ਤੂੰ ਉੱਕਾ ਸੱਖਣਾ ਹੈਂ।"

ਉਂਜ ਵੀ ਔਰੰਗਜ਼ੇਬ ਦੀ ਜ਼ਿੰਦਗੀ ਦੇ ਕੁਝ ਪਿਛਲੇ ਸਾਲ ਸਖ਼ਤ ਪਰੇਸ਼ਾਨੀ ਵਿਚ ਗੁਜ਼ਰੇ ਸਨ। ਬੀਜਾਪੁਰ ਤੇ ਗੋਲਕੰਡਾ ਦੀਆਂ ਸ਼ੀਆ ਰਿਆਸਤਾਂ ਫ਼ਤਹ ਕਰਨ ਦੀ ਉਹ ਮਹਾਂ ਗ਼ਲਤੀ ਕਰ ਚੁੱਕਾ ਸੀ। ਪੰਦਰਾਂ ਵੀਹ ਸਾਲ ਦੀ ਦੱਖਣ ਦੀ ਮੁਹਿੰਮ ਉਸ ਨੂੰ ਬੇ-ਅਰਥ ਜਾਪਣ ਲਗ ਪਈ ਸੀ। ਮਰਾਠੇ ਉਸ ਦੇ ਜੀਉਂਦੇ ਜੀਅ ਜ਼ੋਰ ਫੜਨ ਲਗ ਪਏ ਸਨ। ਫੇਰ ੧੭੦੨ ਤੋਂ ੧੭੦੪ ਤਕ ਦੱਖਣ ਵਿਚ ਕਾਲ, ਹੜ ਤੇ ਹੈਜ਼ੇ ਦੀ ਬੀਮਾਰੀ ਨਾਲ ਲੱਖਾਂ ਲੋਕੀ ਮੌਤ ਦਾ ਸ਼ਿਕਾਰ ਹੋ ਚੁੱਕੇ ਸਨ।

ਔਰੰਗਜ਼ੇਬ ਦੀ ਘਰੇਗੀ ਜ਼ਿੰਦਗੀ ਦੇ ਅੰਤਲੇ ਕੁਝ ਸਾਲ ਵੀ ਬਹੁਤ ਦੁਖ ਭਰੇ ਸਨ। ਉਸ ਦੀ ਪ੍ਰਤਿਭਾ-ਸ਼ਾਲੀ ਸ਼ਾਇਰ ਬੇਟੀ ਜ਼ੇਬ-ਉਨ-ਨਿਸਾ ੧੭੦੨ ਵਿਚ, ਵੱਡਾ ਲੜਕਾ ਅਕਬਰ ੧੭੦੪ ਵਿਚ, ਅਤੇ ਸਭ ਤੋਂ ਵਧ ਸੁੰਦਰ ਤੇ ਸੂਝਵਾਨ ਨੂੰਹ ੧੭੦੫ ਵਿਚ ਫ਼ੌਤ ਹੋ ਚੁਕੀ ਸੀ। ਇਨ੍ਹਾਂ ਮੌਤਾਂ ਦੇ ਸਦਮੇ ਨਾਲ ਵੀ ਉਸ ਨੂੰ ਭਾਰੀ ਝਟਕਾ ਲੱਗਾ। ਮਰਨ ਤੋਂ ਪਹਿਲਾਂ ਔਰੰਗਜ਼ੇਬ ਕਈ ਮਹੀਨੇ ਬੀਮਾਰੀ ਦੀ ਹਾਲਤ ਵਿਚ ਅਹਿਮਦ ਨਗਰ ਵਿਚ ਰਿਹਾ। ਜ਼ਿੰਦਗੀ ਦੇ ਅੰਤਮ ਦਿਨਾਂ ਵਿਚ ਬੇਟਿਆਂ ਦੇ ਨਾਮ ਲਿਖੇ ਦੋ ਖ਼ਤ ਅਤੇ ਵਸੀਅਤ ਉਸ ਦੇ ਪਛਤਾਵੇ ਦੀ ਜੀਉਂਦੀ ਮਿਸਾਲ ਹੈ। ਪਿਉ-ਭਰਾਵਾਂ ਤੇ ਭਤੀਜਿਆਂ ਨਾਲ ਕੀਤਾ ਸਲੂਕ ਵੀ ਉਸ ਦੀ ਜ਼ਮੀਰ ਤੇ ਭਾਰੂ ਸੀ, ਖ਼ਾਸ ਕਰਕੇ ਜਹਾਨ ਆਰਾ ਦੇ ਦੋ ਖ਼ਤ (ਉਨ੍ਹਾਂ ਵਿਚੋਂ 'ਸਫ਼ੈਦ ਸੱਪ ਔਰੰਗਜ਼ੇਬ' ਆਦਿ ਕੁਝ ਸ਼ਬਦ ਮੈਂ ਇਸ ਨਾਟਕ ਵਿਚ ਵਰਤੇ ਹਨ) ਉਸ ਦੀ ਜ਼ਮੀਰ ਨੂੰ ਲਾਹਨਤਾਂ ਪਾਉਂਦੇ ਸਨ। ਉਸ ਦੇ ਅੰਦਰਲੇ ਪਾਪਾਂ ਨੂੰ ਕੰਬਾਣ ਵਿਚ ਸਭ ਤੋਂ ਵਧ ਭਾਗ ਜ਼ਫ਼ਰਨਾਮੇ ਦਾ ਸੀ।

ਇਕ ਦੋ ਵਿਦਵਾਨਾਂ ਨੇ ਸਿੱਖ ਵਿਸ਼ੇ ਦੇ ਨਾਟਕ ਲਿਖਣ ਬਾਰੇ ਕਿੰਤੂ ਕੀਤਾ

ਹੈ । ਮੈਂ ਉਨ੍ਹਾਂ ਸਜਨਾਂ ਨੂੰ ਦੱਸਣਾ ਚਾਹੁੰਦਾ ਹਾਂ ਕਿ ਸਿੱਖ-ਇਤਿਹਾਸ ਸੰਸਾਰ-ਇਤਿਹਾਸ ਦਾ ਇੱਕ ਵਿਸ਼ੇਸ਼ ਕਾਂਡ ਹੈ । ਇਸ ਦੇ ਅਦੁੱਤੀ ਲੋਕ-ਪੱਖੀ ਕਾਰਨਾਮਿਆਂ ਨੂੰ ਨਾਟਕ ਦਾ ਵਿਸ਼ਾ ਨਾ ਬਣਾਉਣਾ ਆਪਣੇ ਵਿਰਸੇ ਅਤੇ ਸਾਹਿਤ ਨਾਲ ਧ੍ਰੋਹ ਕਮਾਉਣਾ ਹੈ । ਜੇ ਰਵਿੰਦਰ ਨਾਥ ਟੈਗੋਰ ਨੇ ਆਪਣੀਆਂ ਕਵਿਤਾਵਾਂ ਤੇ ਕਹਾਣੀਆਂ ਵਿਚ ਸਿੱਖਾਂ ਦੀ ਸੂਰਬੀਰਤਾ ਤੇ ਕੁਰਬਾਨੀ ਨੂੰ ਪਰਗਟ ਕੀਤਾ ਹੈ, ਤਾਂ ਫਿਰ ਇਕ ਪੰਜਾਬੀ ਨਾਟਕਕਾਰ ਕਿਉਂ ਸੰਕੋਚ ਕਰੇ ।

ਇਨ੍ਹਾਂ ਨਾਟਕਾਂ ਨੂੰ ਮੈਂ ਲੋਕਿਕ ਦ੍ਰਿਸ਼ਟੀ ਤੋਂ ਪੇਸ਼ ਕੀਤਾ ਹੈ । ਨਾਟਕਕਾਰ ਵਾਲੀ ਨਿਰਪਖਤਾ ਦਾ ਪੂਰਾ ਧਿਆਨ ਰੱਖਿਆ ਹੈ । ਕਈ ਔਕੜਾਂ ਦੇ ਹੁੰਦੇ ਹੋਏ ਇਨ੍ਹਾਂ ਨੂੰ ਰੰਗ-ਮੰਚ ਉਤੇ ਖੇਡਣ ਲਈ ਲਿਖਿਆ ਹੈ । ਮੇਰਾ ਨਿਸਚਾ ਹੈ ਕਿ ਥੀਏਟਰ ਸਭ ਹੁਨਰਾਂ ਤੋਂ ਸ਼ਕਤੀ-ਸ਼ਾਲੀ ਹੋਣ ਕਰਕੇ ਉੱਚਤਮ ਕਲਾ ਹੈ । ਇਸ ਦੀਆਂ ਅਥਾਹ ਸੰਭਾਵਨਾਵਾਂ ਨੂੰ ਉਜਾਗਰ ਕਰਨਾ ਨਾਟਕਕਾਰ ਦਾ ਮੁੱਖ ਕਰਤੱਵ ਹੈ ।

ਵਰਤਮਾਨ ਭਾਰਤ ਲਈ ਸਿੱਖ ਇਤਿਹਾਸ ਦੀਆਂ ਇਨ੍ਹਾਂ ਘਟਨਾਵਾਂ ਦਾ ਮੁੱਲ ਸਗੋਂ ਵਧੇਰੇ ਹੈ । ਇਸੇ ਨੁਕਤੇ ਤੋਂ ੧੯੬੬ ਵਿਚ ਗੁਰੂ ਸਾਹਿਬ ਦੇ ਲੰਡਨ ਤੋਂ ਪਰਤੇ ਹਥਿਆਰ ਸਾਰੇ ਭਾਰਤੀਆਂ ਨੇ ਸਨਮਾਨੇ ਸਨ । ਅਜ ਭਾਰਤ-ਵਾਸੀਆਂ ਲਈ ਸਭ ਤੋਂ ਵੱਡਾ ਆਦਰਸ਼ ਤੇ ਫ਼ਰਜ਼ ਦੇਸ਼ ਦੀ ਰੱਖਿਆ ਹੈ, ਕਿਉਂ ਕਿ ਇਸ ਨਾਲ ਸਾਡਾ ਧਰਮ ਤੇ ਸਾਡਾ ਸਭਿਆਚਾਰ ਸੰਬੰਧਤ ਹੈ । ਚਮਕੌਰ ਦੀ ਗੜ੍ਹੀ ਦੇ ਬਹਾਦਰੀ ਭਰੇ ਸਾਕੇ ਨੂੰ ਨਾਟਕ ਦਾ ਵਿਸ਼ਾ ਬਣਾਉਣਾ ਜਾਂ ਛੋਟੇ ਸਾਹਿਬਜ਼ਾਦਿਆਂ ਦੀ ਅਦੁੱਤੀ ਕੁਰਬਾਨੀ, ਜੋ ਸੰਸਾਰ-ਇਤਿਹਾਸ ਨੂੰ ਪੰਜਾਬ ਦੀ ਇਕ ਲਾਜਵਾਬ ਦੇਣ ਹੈ, ਦੇ ਪ੍ਰਭਾਵ ਨੂੰ ਮੁੜ ਚੇਤੇ ਕਰਵਾਉਣਾ ਸਗੋਂ ਜ਼ਰੂਰੀ ਹੈ । ਨਾਟਕ ਦਾ ਮੁੱਖ ਕੰਮ ਦਰਸ਼ਕਾਂ ਦੇ ਤਨਾਂ ਤੇ ਮਨਾਂ ਨੂੰ ਹਲੂਣਾ ਦੇਣਾ, ਉਨ੍ਹਾਂ ਦੀਆਂ ਸੁੱਤੀਆਂ ਕਲਾਂ ਜਗਾਉਣਾ ਅਤੇ ਉਨ੍ਹਾਂ ਦੀਆਂ ਆਤਮਾਵਾਂ ਨੂੰ ਬਲਵਾਨ ਬਣਾਉਣਾ ਹੁੰਦਾ ਹੈ । ਇਸ ਮਨੋਰਥ ਦੀ ਸਿੱਧੀ ਵਾਸਤੇ ਨਾਟਕਕਾਰ ਲਈ ਹਰ ਵਿਸ਼ਾ ਤੇ ਹਰ ਨਾਟ-ਵਿਧੀ ਜਾਇਜ਼ ਹੈ ।

ਅੰਤ ਵਿਚ, ਮੈਂ ਪੰਜਾਬ ਕਲਾ-ਮੰਚ ਦੇ ਸਮੂਹ ਕਲਾਕਾਰਾਂ, ਖ਼ਾਸ ਕਰਕੇ ਉਸ ਦੇ ਨਿਰਦੇਸ਼ਕ ਹਰਪਾਲ ਟਿਵਾਣਾ ਤੇ ਨਰਿੰਦਰ ਟਿਵਾਣਾ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਇਨ੍ਹਾਂ ਨਾਟਕਾਂ ਨੂੰ ਮੰਚ ਤੇ ਸਜੀਵ ਕੀਤਾ । ਉਨ੍ਹਾਂ ਦਰਸ਼ਕਾਂ ਦਾ ਵੀ ਮੈਂ ਰਿਣੀ ਹਾਂ, ਜਿਨ੍ਹਾਂ ਨੇ ਇਨ੍ਹਾਂ ਨਾਟਕਾਂ ਨੂੰ ਸਟੇਜ ਉਤੇ ਦੇਖਿਆ ਤੇ ਪਰਖਿਆ । ਮੈਂ ਆਪਣੇ ਮਿੱਤਰਾਂ—ਖ਼ਾਸ ਕਰਕੇ ਡਾ: ਪਿਆਰ ਸਿੰਘ, ਡਾ: ਜੀਤ ਸਿੰਘ ਸੀਤਲ,

ਡਾ· ਗੁਰਚਰਨ ਸਿੰਘ, ਸ: ਪਿਆਰਾ ਸਿੰਘ ਪਦਮ, ਸ੍ਰੀ ਹਰਮਿੰਦਿਰ ਸਿੰਘ ਕੋਹਲੀ ਅਤੇ ਸ੍ਰੀ ਗੁਰਬਖ਼ਸ਼ ਸਿੰਘ—ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਨੇ ਇਨ੍ਹਾਂ ਨਾਟਕਾਂ ਦੇ ਖਰੜਿਆਂ ਨੂੰ ਪੜ੍ਹ ਜਾਂ ਸੁਣ ਕੇ ਕੀਮਤੀ ਸੁਝਾਓ ਦਿੱਤੇ।

ਸਭ ਤੋਂ ਅਖ਼ੀਰ ਮੈਂ ਸਿੰਘ ਬ੍ਰਦਰਜ਼ ਦਾ ਧੰਨਵਾਦ ਕਰਨਾ ਆਪਣਾ ਜ਼ਰੂਰੀ ਫ਼ਰਜ਼ ਸਮਝਦਾ ਹਾਂ, ਜਿਨ੍ਹਾਂ ਨੇ ਇਨ੍ਹਾਂ ਨਾਟਕਾਂ ਨੂੰ ਸੁਚੱਜੇ ਰੂਪ ਵਿਚ ਪਾਠਕਾਂ ਸਾਮ੍ਹਣੇ ਲਿਆਂਦਾ।

ਪੰਜਾਬੀ ਯੂਨੀਵਰਸਿਟੀ,
ਪਟਿਆਲਾ
੧੨ ਮਈ, ੧੯੬੯

ਹਰਚਰਨ ਸਿੰਘ




ਪਹਿਲਾ ਅੰਕ

ਚਮਕੌਰ ਦੀ ਗੜ੍ਹੀ (੧੭੦੫) ੧੨

ਦੂਜਾ ਅੰਕ

ਜ਼ਫ਼ਰਨਾਮਾ (੧੭੦੬) ੪੫

ਤੀਜਾ ਅੰਕ

ਸਰਹੰਦ ਦੀ ਕੰਧ (੧੭੧੦) ੬੯

ਸਥਾਨ : ਸਾਰੇ ਨਾਟਕ ਵਿਚ ਇਕੋ ਸਥਾਨ ਹੈ। ਨਾਟਕ ਦੇ ਤਿੰਨੇ ਅੰਕ ਪਰਤਵੀਂ ਪ੍ਰਕਾਸ਼ ਵਿਧੀ (ਫ਼ਲੈਸ਼ ਬੈਕ) ਅਨੁਸਾਰ ਪੇਸ਼ ਕੀਤੇ ਗਏ ਹਨ।

ਇਸ ਨਾਟਕ ਨੂੰ ਖੇਡਣ ਲਈ ਨਾਟਕਕਾਰ ਦੀ ਲਿਖਤੀ ਆਗਿਆ ਲੈਣੀ ਜ਼ਰੂਰੀ ਹੈ। ਹੇਠ ਲਿਖੇ ਪਤੇ ਤੇ ਚਿੱਠੀ-ਪੱਤਰ ਕਰੋ—


ਡਾਕਟਰ ਹਰਚਰਨ ਸਿੰਘ
੧੦੪੮/੧੫-ਬੀ
ਚੰਡੀਗੜ੍ਹ ੧੬੦੦੧੭

# ਪਾਤਰ

[ ਪ੍ਰਵੇਸ਼ ਕ੍ਰਮ ਅਨੁਸਾਰ ]

ਖਰੋਟਾ, ਇਸਤ੍ਰੀ, ਮਰਦ, ਵਜ਼ੀਰ ਖ਼ਾਂ, ਚੋਬਦਾਰ, ਨਿਗਰਾਨ, ਦਲੇਰ ਖ਼ਾਂ, ਖ਼ਵਾਜਾ ਜੱਫ਼ਰ ਬੇਗ, ਰਾਇ ਜਗਤ ਸਿੰਘ, ਰੂਪ ਚੰਦ, ਗ਼ਨੀ ਖ਼ਾਂ, ਸਿਪਾਹੀ, ਸਿਖ ਲੜਕੀ, ਖੋਜੀ, ਜਵਾਨ।

ਔਰੰਗਜ਼ੇਬ, ਜ਼ੀਨਤ-ਉਨ-ਨਿਸਾ, ਬੇਗਮ ਉਦੇਪੁਰੀ, ਅਸਦ ਖ਼ਾਨ, ਸ਼ਾਹੀ ਹਕੀਮ।

ਨਵਾਬ ਵਜ਼ੀਰ ਖ਼ਾਂ, ਬੇਗਮ ਵਜ਼ੀਰ ਖ਼ਾਂ,
ਵਜ਼ੀਰ ਖ਼ਾਂ ਦੀ ਜ਼ਮੀਰ ਦੀਆਂ ਦੋ ਅਵਾਜ਼ਾਂ :
ਪਹਿਲੀ ਅਵਾਜ਼—ਨੇਕੀ। ਦੂਜੀ ਅਵਾਜ਼—ਬਦੀ।

## ਚਮਕੌਰ ਦੀ ਗੜ੍ਹੀ

ਇਸ ਨਾਟਕ ਨੂੰ ਹੇਠ ਲਿਖੇ ਕਲਾਕਾਰਾਂ ਨੇ ਭਾਰਤ ਦੇ ਸਭ ਤੋਂ ਵੱਡੇ ਨਾਟ-ਘਰ ਸਨਮੁਖ ਨੰਦਾ ਹਾਲ ਬੰਬਈ ਵਿਚ ੩੦ ਦਸੰਬਰ ੧੯੬੮ ਨੂੰ ਪੇਸ਼ ਕੀਤਾ :—

## ਰੰਗ ਮੰਚ ਉੱਤੇ

| | |
|---|---|
| ਨਵਾਬ ਵਜ਼ੀਰ ਖ਼ਾਂ | : ਹਰਪਾਲ ਟਿਵਾਣਾ |
| ਬੇਗਮ ਵਜ਼ੀਰ ਖ਼ਾਂ | : ਨਰਿੰਦਰ ਟਿਵਾਣਾ |
| ਥੇਹ ਵਿਗਿਆਨੀ | : ਅਰਜਨ ਸਿੰਘ ਚਾਵਲਾ |
| ਸ੍ਰੀ ਮਤੀ ਥੇਹ ਵਿਗਿਆਨੀ | : ਨਰਿੰਦਰ ਚੀਮਾ |
| ਕਨੀਜ਼ | : ਨਿਰਮਲ ਰਿਸ਼ੀ |
| ਦਲੇਰ ਖ਼ਾਂ | : ਯੋਗਰਾਜ ਸੇਢਾ |
| ਖ਼ਵਾਜਾ ਜ਼ੱਫਰ ਬੇਗ | : ਓਮ ਪ੍ਰਕਾਸ਼ ਪੁਰੀ |
| ਖ਼ਬਰ-ਰਸਾ | : ਰਾਜਿੰਦਰ ਚੀਮਾ |
| ਰੂਪ ਚੰਦ | : ਮੋਹਨ |
| ਖੋਜੀ | : ਓਮ ਪ੍ਰਕਾਸ਼ ਚੋਧਰੀ |

## ਪਰਦੇ ਦੇ ਪਿਛੇ


| | |
|---|---|
| ਨਿਰਦੇਸ਼ਕ | : ਹਰਪਾਲ ਟਿਵਾਣਾ |
| ਪ੍ਰੋਡਕਸ਼ਨ ਮੈਨੇਜਰ | : ਯੋਗਰਾਜ ਸੇਢਾ |
| ਮੰਚ ਬੰਧਕ | : ਚਰਨ ਸਿੰਘ |
| ਵੇਸ਼-ਭੂਸ਼ਾ | : ਸ੍ਰੀ ਮਤੀ ਨੀਨਾ ਟਿਵਾਣਾ |
| ਰੋਸ਼ਨੀ ਤੇ ਸੰਗੀਤ | : ਰਾਜਿੰਦਰ ਚੀਮਾ |
| ਮੇਕ-ਅਪ | : ਮੋਹਨ ਕਪੂਰ |
| ਦ੍ਰਿਸ਼ ਰੇਖਾ | : ਹਰਪਾਲ ਟਿਵਾਣਾ |
| ਸਹਾਇਕ | : ਯੋਗ ਰਾਜ ਸੇਢਾ, ਐਸ. ਪੀ. ਮਲਹੋਤਰਾ |
| ਪ੍ਰਬੰਧਕ ਸਾਮਾਨ | : ਅਰਜਨ ਸਿੰਘ ਚਾਵਲਾ |
| ਹਾਲ ਤੇ ਹੋਰ ਪ੍ਰਬੰਧ | : ਹਰਨਾਮ ਸਿੰਘ ਨਾਜ਼, ਜੋਗਿੰਦਰ ਸਿੰਘ, ਪ੍ਰਦੁਮਨ ਸਿੰਘ, ਮੱਖਣ ਸਿੰਘ, ਤਾਰਾ ਸਿੰਘ, ਸ੍ਰੀ ਮਤੀ ਚਰਨ ਸਿੰਘ, ਸ੍ਰੀ ਮਤੀ ਨਾਜ਼ ਅਤੇ ਸ੍ਰੀ ਮਤੀ ਜੋਗਿੰਦਰ ਸਿੰਘ । |



ਸਨਮੁਖ ਨੰਦਾ ਹਾਲ ਬੰਬਈ ਵਿਚ ਖੇਡੇ ਗਏ ਨਾਟਕ 'ਚਮਕੌਰ ਦੀ ਗੜ੍ਹੀ' ਦਾ ਇਕ ਦ੍ਰਿਸ਼
ਦਲੇਰ ਖਾਂ (ਯੋਗ ਰਾਜ ਸੇਦਾ) ਅਤੇ ਨਵਾਬ ਵਜ਼ੀਰ ਖਾਂ (ਹਰਪਾਲ ਟਿਵਾਣਾ)

ਪਹਿਲਾ ਕਾਂਡ

# ਚਮਕੌਰ ਦੀ ਗੜ੍ਹੀ



# ਚਮਕੌਰ ਦੀ ਗੜ੍ਹੀ

ਸਥਾਨ : ਚਮਕੌਰ ਸਾਹਿਬ ।

ਸਮਾਂ : ਵਰਤਮਾਨ ਕਾਲ ।

ਵਕਤ : ਸਿਖਰ ਦੁਪਹਿਰ ।

ਰੰਗ ਮੰਚ ਦੇ ਖੱਬੇ ਕੋਨੇ ਵਿਚ ਬੋਹੜ ਦਾ ਇਕ ਅਤੀ ਪੁਰਾਣਾ ਦਰੱਖਤ ਹੈ । ਸੱਜੇ ਪਾਸੇ ਖ਼ਾਲਸਈ ਝੰਡੇ ਦਾ ਕੇਵਲ ਉਪਰਲਾ ਸਿਰਾ ਹੀ ਦਿਖਾਈ ਦਿੰਦਾ ਹੈ। ਸਾਮ੍ਹਣੇ ਚਮਕੌਰ ਦੀ ਗੜ੍ਹੀ ਢੱਠੀ ਹੋਈ ਕੰਧ ਦੇ ਨਿਸ਼ਾਨ ਹਨ । ਵਿਥਾਂ ਬਾਣੀ ਦੂਰ ਪਿਛੇ ਖੇਤ, ਜੰਗਲ ਦਿਖਾਈ ਦਿੰਦਾ ਹੈ ।

ਪਰਦਾ ਉਠਣ ਸਮੇਂ ਦੋ ਥੇਹ-ਵਿਗਿਆਨੀ (Archaeologists) ਇਕ ਮਰਦ ਤੇ ਇਕ ਇਸਤ੍ਰੀ— ਦਾਖਲ ਹੁੰਦੇ ਹਨ । ਦੋਵੇਂ ਸਫ਼ਰ ਦੇ ਸਾਜ-ਸਮਾਨ ਸਮੇਤ ਹਨ । ਮਰਦ ਨੇ ਅੰਗਰੇਜ਼ੀ ਟੋਪ (ਹੈਟ) ਹੱਥ ਵਿਚ ਫੜਿਆ ਹੋਇਆ ਹੈ। ਇਸਤ੍ਰੀ ਨੇ ਧੁੱਪ ਦੀ ਐਨਕ ਲਾਈ ਹੋਈ ਅਤੇ ਫ਼ੈਨਸੀ ਛੱਤਰੀ ਤਾਣੀ ਹੋਈ ਹੈ । ਇਸ ਸਥਾਨ ਨੂੰ ਉਹ ਆਮ ਥੇਹਾਂ ਵਾਂਗ ਸਮਝ ਕੇ ਬਿਨਾਂ ਅਦਬ-ਅਦਾਬ ਪ੍ਰਗਟਾਏ ਸਾਮ੍ਹਣੇ ਆਉਂਦੇ ਹਨ । ਮਰਦ ਧਰਤੀ ਤੋਂ ਇਕ ਠੀਕਰ ਚੁਕਦਾ ਹੈ ਅਤੇ ਬੜੀ ਦਿਲਚਸਪੀ ਨਾਲ ਇਸਤ੍ਰੀ ਨੂੰ ਦਿਖਾਉਂਦਾ ਹੈ ।

ਇਕ-ਦਮ ਬੋਹੜ ਵਿਚੋਂ ਅਜੀਬ ਉੱਚੀ ਤੇ ਭਾਰੀ ਹੱਸਣ ਦੀ ਅਵਾਜ਼ ਸੁਣਾਈ ਦਿੰਦੀ ਹੈ । ਦੋਵੇਂ ਡਰ ਨਾਲ ਕੰਬ ਜਾਂਦੇ ਹਨ ।

ਬਰੋਟਾ : (ਉੱਚੀ ਵਿਅੰਗ ਭਰੇ ਹਾਸੇ ਪਿਛੋਂ) ਮੂੜ੍ਹ ! ਪੜ੍ਹੇ ਲਿਖੇ ਮੂਰਖ ਲੋਕ ।

ਇਸਤ੍ਰੀ : ਸਚ ਕਹਿੰਦੇ ਨੇ, ਥੇਹਾਂ ਵਿਚ ਜਿੰਨਾਂ ਭੂਤਾਂ ਦਾ ਪਹਿਰਾ ਹੁੰਦੈ ।

ਬਰੋਟਾ : ਠੀਕ ਹੈ । ਇਥੇ ਸੂਰਬੀਰਾਂ ਦੀਆਂ ਰੂਹਾਂ ਦਾ ਨਿਵਾਸ ਹੈ ।

ਇਸਤ੍ਰੀ : ਹਾਏ ਮੈਨੂੰ ! ਸੁਣਿਐ ?

[ਦੋਵੇਂ ਥਰ-ਥਰ ਕੰਬਦੇ ਹਨ । ਨਠਣਾ ਚਾਹੁੰਦੇ ਹਨ, ਪਰ ਡਰ ਕਾਰਨ ਨਠ ਵੀ ਨਹੀਂ ਸਕਦੇ ।]

ਬਰੋਟਾ : (ਵਿਅੰਗ ਨਾਲ) ਹੂੰ ! ਥੇਹ-ਵਿਗਿਆਨੀ ।

ਇਸਤ੍ਰੀ : ਇਹ ਸਾਨੂੰ ਕਿੱਦਾਂ ਜਾਣਦਾ ਹੈ ?

ਬਰੋਟਾ : ਮੈਂ ਤੁਹਾਨੂੰ ਚੰਗੀ ਤਰ੍ਹਾਂ ਪਛਾਣਦਾਂ ਹਾਂ ।

ਇਸਤ੍ਰੀ : (ਅੱਖਾਂ ਬੰਦ ਕਰ ਕੇ, ਸਾਹ ਘਤੀਸ ਕੇ) ਹੁਣ ਮਰੇ । ਬਖ਼ਸ਼ੀਂ ਰਬਾ !

ਮਰਦ : (ਜ[illegible]ਕੜਾ ਕਰ ਕੇ) ਕੌਣ ਹੈਂ ਤੂੰ ?

ਬਰੋਟਾ : ਮੈਂ [illegible] ਵਹਿਮ ਦਾ ਭੂਤ ।

ਮਰਦ : ਉਂਵ ?

ਬਰੋਟਾ : ਸਿਆਣਿਆਂ ਲਈ ਇਸ਼ਾਰਾ ਤੇ ਚੋਰਾਂ ਲਈ ਤਾੜਨਾ । ਪਰ ਅਸਲ ਵਿਚ ... ...

ਮਰਦ : ਅਸਲ ਵਿਚ ਕੀ ?

ਬਰੋਟਾ : ਮਨੁੱਖ ਜਾਤੀ ਦਾ ਹਿਤੈਸ਼ੀ ਤੇ ਦੇਸ਼ ਦਾ ਦਰਦੀ ।

ਇਸਤ੍ਰੀ : (ਹੱਥ ਫੜ ਕੇ) ਪਲੀਜ਼, ਨਠ ਚਲੀਏ ।

ਮਰਦ : ਜ਼ਰਾ ਠਹਿਰੋ ਜੀ ।

ਬਰੋਟਾ : ਆਪਣੇ ਮੂੰਹੋਂ ਦਸੋ, ਤੁਸੀਂ ਕੌਣ ਹੋ ?

ਮਰਦ : ਅਸੀਂ ਥੇਹ-ਵਿਗਿਆਨੀ—ਪੁਰਾਣੀਆਂ ਥਾਵਾਂ ਦੀ ਖੋਜ ਕਰਨ ਵਾਲੇ ਮਾਹਿਰ ।

ਬਰੋਟਾ : ਵਿਗਿਆਨੀ ਨਹੀਂ ਅਗਿਆਨੀ, ਨਾਦਾਨ ! ਚਲੇ ਜਾਉ, ਤੁਸੀਂ ਇਸ ਥੇਹ ਦੀ ਥਾਹ ਨਹੀਂ ਪਾ ਸਕਦੇ ।

ਮਰਦ : ਕੀ ਪੁੱਛਣ ਦੀ ਗੁਸਤਾਖ਼ੀ ਕਰ ਸਕਦਾਂ, ਕਿਉਂ ਨਹੀਂ ਪਾ ਸਕਦੇ ?

ਬਰੋਟਾ : ਤੁਹਾਡੇ ਭਾਣੇ ਇਹ ਜਗ੍ਹਾ ਇਕ ਸਾਧਾਰਨ ਪੁਰਾਣਾ ਖੰਡਰ ਹੈ । ਤੁਹਾਨੂੰ ਇਸ ਦੇ ਇਤਿਹਾਸ ਦਾ ਪਤਾ ਨਹੀਂ ।

ਇਸਤ੍ਰੀ : (ਸਿਰ ਦੇ ਇਸ਼ਾਰੇ ਨਾਲ) ਪਤਾ ।

ਬਰੋਟਾ : (ਅਣਸੁਣੀ ਕਰ ਕੇ) ਤੁਹਾਡੇ ਮਨਾਂ ਵਿਚ ਇਸ ਦੀ ਕੋਈ ਕਦਰ ਨਹੀਂ । ਸੂਝ ਤੇ ਲਗਨ ਤੋਂ ਬਿਨਾਂ ਕਦੇ ਕੁਝ ਪ੍ਰਾਪਤ ਨਹੀਂ ਹੁੰਦਾ ।

ਮਰਦ : (ਦਿਲ ਧਰ ਕੇ) ਐ ਗ਼ੈਬੀ ਆਵਾਜ਼ ! ਸਾਨੂੰ ਫੇਰ ਰਾਹੇ ਪਾ ।

ਬਰੋਟਾ : ਪਹਿਲਾਂ ਇਸ ਧਰਤੀ ਨੂੰ ਨਮਸਕਾਰ ਕਰੋ । ਇਸ ਦੀ ਮਿੱਟੀ ਦੇ ਇੱਕ-ਇੱਕ ਕਿਣਕੇ ਵਿਚ ਜੋਧਿਆਂ ਦਾ ਖ਼ੂਨ ਹੈ । ਇਥੇ ਸ਼ਹੀਦ ਸਿੰਘਾਂ ਦੀਆਂ ਰੂਹਾਂ ਦਾ ਨਿਵਾਸ ਹੈ ।

ਦੋਵੇਂ ਇਕੱਠੇ : ਹੈਂ ! ਰੂਹਾਂ ਦਾ ਨਿਵਾਸ ?

[ਦੋਵੇਂ ਘਬਰਾਏ ਹੋਏ ਘੜੀ-ਮੁੜੀ ਮੁੜ੍ਹਕਾ ਪੂੰਝਦੇ ਹਨ ਅਤੇ ਧਰਤੀ ਨੂੰ ਨਮਸਕਾਰਦੇ ਹਨ । ਇਸਤ੍ਰੀ ਮਰਦ ਦਾ ਹੱਥ ਫੜ ਕੇ ਖਿਸਕ ਜਾਣ ਲਈ ਖਿਚਦੀ ਹੈ । ਦੋਵੇਂ ਸਹਿਮੇ ਹੋਏ ਬਿਨਾਂ ਪਿੱਛੇ ਵਲ ਝਾਕੇ ਜਾਣ ਲਗਦੇ ਹਨ ।]

ਬਰੋਟਾ : ਠਹਿਰ ਜਾਓ । ਮੇਰੇ ਵਲ ਮੂੰਹ ਮੋੜੋ ।

ਇਸਤ੍ਰੀ : (ਹੌਲੀ) ਧੌਣ ਨਾ ਮੋੜਿਓ ! ਹੁੰਗਾਰਾ ਨਾ ਭਰਿਓ ! ਰੱਬ ਦਾ ਨਾਮ ਲਵੋ !

ਮਰਦ : ਓ ਮਾਈ ਲਾਰਡ !

ਬਰੋਟਾ : ਥਾਂ ਖੜੇ ਹੋ ਜਾਓ । ਇਕ ਕਦਮ ਅੱਗੇ ਨਾ ਪੁਟਿਓ, ਨਹੀਂ ਤਾਂ ਪਛਤਾਓਗੇ ।

[ਦੋਵੇਂ ਬੁੱਤਾਂ ਵਾਂਗ ਖੜੇ ਹੋ ਜਾਂਦੇ ਹਨ ।]

ਮਰਦ : (ਅਰਦਾਸ ਵਾਂਗ ਕੰਬਦੀ ਅਵਾਜ਼ ਵਿਚ) ਗ਼ੈਬੀ ਅਵਾਜ਼ ! ਜੇ ਬੇ-ਸਮਝੀ ਦੇ ਹਨੇਰੇ ਵਿਚ ਸਾਥੋਂ ਕੋਈ ਬੇ-ਅਦਬੀ ਹੋ ਗਈ ਹੈ ਤਾਂ ਮੁਆਫ਼ ਕਰ ਦੇਵੋ ।

ਇਸਤ੍ਰੀ : ਸਖ਼ਤ ਥਾਂ ਸੀ, ਅਸੀਂ ਨੰਗੇ ਸਿਰ, ਜੁੱਤੀਆਂ ਸਮੇਤ ਚੜ੍ਹ ਆਏ ਹਾਂ ।

[ਦੋਵੇਂ ਸਿਰ ਢਕ ਲੈਂਦੇ ਹਨ ਅਤੇ ਜੁੱਤੀਆਂ ਲਾਹੁੰਦੇ ਹਨ ।]

ਬਰੋਟਾ : ਮੂੰਹ ਮੇਰੇ ਵਲ ਮੋੜੋ । ਮੇਰੇ ਪਾਸ ਆਵੋ । ਹਾਂ, ਹੋਰ ਅੱਗੇ ।

[ਦੋਵੇਂ ਡਰੇ ਹੋਏ ਨੇੜੇ ਜਾਂਦੇ ਹਨ ।]

ਮਰਦ : ਹੇ ਵਣ ਦੇਵਤਾ, ਸਾਡੇ ਗੁਨਾਹ ਬਖ਼ਸ਼ ! ਸਾਡੇ ਸਹਿਮੇ ਹੋਏ ਮਨਾਂ ਨੂੰ ਢਾਰਸ ਦੇ ।

ਬਰੋਟਾ : ਬੱਚਿਓ, ਮੇਥੋਂ ਡਰਨ ਦੀ ਲੋੜ ਨਹੀਂ, ਮੈਂ ਤੁਹਾਡਾ ਦਿਲੋਂ ਦਰਦੀ ਹਾਂ ।

ਇਸਤ੍ਰੀ : ਹੈਂ ! ਸੱਚ-ਮੁੱਚ !!

ਬਰੋਟਾ : ਬੰਦੇ ਦੇ ਕੰਮ ਆਉਣ ਤੋਂ ਬਿਨਾਂ ਮੇਰੀ ਹੋਰ ਕੋਈ ਹਸਤੀ ਨਹੀਂ ।

ਇਸਤ੍ਰੀ : (ਸਿਰ ਝੁਕਾ ਕੇ) ਧੰਨ ਹੈਂ ਦੇਵਤਾ !

ਬਰੋਟਾ : ਦੱਸੋ, ਮੈਂ ਤੁਹਾਡੀ ਕੀ ਮਦਦ ਕਰਾਂ ?

ਮਰਦ : ਸਾਡੀ ਖੋਜ ਤਾਂ ਪਈ ਖੂਹ-ਖਾਤੇ। ਪਹਿਲਾਂ ਇਹ ਦਸੋ, ਬੋਹੜ ਦੇ ਪਿਛੇ ਤੁਸੀਂ ਕੌਣ ਹੋ ?

ਬਰੋਟਾ : (ਉੱਚੀ ਹੱਸਦਾ ਹੋਇਆ) ਮੇਰਾ ਨਾਮ ਪਤਾ ਜਾਣਨਾ ਚਾਹੁੰਦੇ ਹੋ ?

ਦੋਵੇਂ ਇਕੱਠੇ : ਹਾਂ, ਹਾਂ, ਜ਼ਰੂਰ !

ਬਰੋਟਾ : ਸਦੀਆਂ ਤੋਂ ਮੇਰੀ ਅਲ ਲੋਕਾਂ ਨੇ ਲੁਕਮਾਨ ਬਰੋਟਾ ਪਾਈ ਹੋਈ ਐ।

ਮਰਦ : ਲੁਕਮਾਨ ਬਰੋਟਾ ? ਲੁਕਮਾਨ ਹਕੀਮ ਦੀ ਰੂਹ ?

(ਇਸਤ੍ਰੀ ਨੂੰ) ਬਰੋਟੇ ਦਾ ਮਤਲਬ ?

ਇਸਤ੍ਰੀ : ਸ਼ਾਇਦ ਪਿੰਡਾਂ ਵਿਚ ਬੋਹੜ ਨੂੰ ਬਰੋਟਾ ਕਹਿੰਦੇ ਹਨ।

ਬਰੋਟਾ : ਬੀਬੀ, ਤੂੰ ਇਸ ਧਰਤੀ ਦੇ ਭੇਦਾਂ ਦੀ ਖੋਜ ਦੇ ਲਾਇਕ ਨਹੀਂ।

ਇਸਤ੍ਰੀ : ਕਿਉਂ ਬਾਬਾ ਜੀ ?

ਬਰੋਟਾ : ਤੇਰੇ ਵਿਚ ਨਾ ਸਮਝ ਨਾ ਦਲ[illegible]ਸ ਇਲਾਕੇ ਦੀ ਲੋਕ-ਗਾਥਾ ਰੀਤਾਂ ਗੀਤਾਂ ਤੇ ਬਾਤਾਂ ਨੂੰ ਜਾਣੇ ਬਿਨਾਂ ਤੂੰ ਕੁਝ ਹਾਸਿਲ ਨਹੀਂ ਕਰ ਸਕਦੀ। ਤੇਰਾ ਇਲਮ ਕਸੁੰਭੇ ਦੇ ਰੰਗ ਵਾਂਗ ਕੱਚਾ ਹੈ।

ਇਸਤ੍ਰੀ : ਸਨਮਾਨ ਯੋਗ ਦੇਵਤਾ ਜੀ, ਮੈਂ ਸ਼ਹਿਰ ਦੀ ਜੰਮ-ਪਲ ਹਾਂ। ਮੈਂ ਪ੍ਰਦੇਸਾਂ ਵਿਚ ਵਿਦਿਆ ਪ੍ਰਾਪਤ ਕੀਤੀ ਹੈ।

ਬਰੋਟਾ : ਇਸੇ ਵਾਸਤੇ ਤੂੰ ਅਨਜਾਣ ਹੈਂ। ਬੀਬਾ, ਪੰਜਾਬ ਪਿੰਡਾਂ ਵਿਚ ਵਸਦਾ ਹੈ।

ਮਰਦ : ਤੁਸੀਂ ਇਸ ਬੋਹੜ ਵਿਚ ਕਦੋਂ ਤੋਂ ਰਹਿੰਦੇ ਹੋ ?

ਬਰੋਟਾ : ਮੈਂ ਹਜ਼ਾਰਾਂ ਸਾਲਾਂ ਤੋਂ ਇਥੇ ਖੜਾ ਹਾਂ। ਜ਼ਮਾਨਾ ਬਦਲ ਗਿਆ। ਕਿਸੇ ਵੇਲੇ ਸਤਲੁਜ ਮੇਰੇ ਪੈਰ ਚੁੰਮ ਕੇ ਲੰਘਦਾ ਸੀ। ਲੋਕੀ ਮੈਨੂੰ ਪੂਜਦੇ ਸਨ। ਗਯਾ ਵਿਚ ਮੇਰੇ ਹੀ ਇਕ ਭਰਾ ਬਰੋਟੇ ਹੇਠ ਗੋਤਮ ਬੁੱਧ ਨੂੰ ਗਿਆਨ ਪ੍ਰਾਪਤ ਹੋਇਆ ਸੀ।

ਇਸਤ੍ਰੀ : ਹੁਣ ਵੀ ਬੇ-ਗਿਣਤ ਲੋਕ ਤੁਹਾਡਾ ਆਦਰ ਮਾਣ ਕਰਦੇ ਨੇ।

ਮਰਦ : ਫੇਰ ਤਾਂ ਤੁਸੀਂ ਬਹੁਤ ਕੁਛ ਦੇਖਿਆ ਹੋਵੇਗਾ।

ਬਰੋਟਾ : ਸਮੇਂ ਦੇ ਅਨੇਕਾਂ ਹੇਰ-ਫੇਰ ਮੇਰੀਆਂ ਅੱਖਾਂ ਸਾਹਵੇਂ ਵਾਪਰੇ ਨੇ।

ਇਸਤ੍ਰੀ : ਬਾਬਾ, ਤੇਰੇ ਬੋਲਾਂ ਵਾਂਗ ਤੇਰਾ ਨਾਂ ਵੀ ਅਚੰਭਾ ਹੈ।

ਬਰੋਟਾ : ਪਹਿਲਾਂ ਮੇਰਾ ਨਾਮ ਬਾਬਾ ਬਰੋਟਾ ਹੀ ਸੀ। ਯਵਨਾਂ ਨੇ ਆ ਕੇ ਲੁਕਮਾਨ ਬਰੋਟਾ ਰੱਖ ਦਿੱਤਾ।

ਇਸਤ੍ਰੀ : ਬਾਬਾ, ਤੂੰ ਯੂਨਾਨੀਆਂ ਦਾ ਜ਼ਮਾਨਾ ਦੇਖਿਆ ਹੋਇਐ ? ਯਕੀਨ ਨਹੀਂ ਆਉਂਦਾ।

ਬਰੋਟਾ : ਬੇਟਾ, ਤੂੰ ਝੂਠੇ ਇਤਿਹਾਸ ਪੜ੍ਹੇ ਹੋਏ ਨੇ। ਕਿਤਾਬਾਂ ਤੋਂ ਪਰ੍ਹੇ ਬਹੁਤ

ਕੁਝ ਪਿਆ ਹੈ ।

ਮਰਦ : ਸੱਚ ਹੈ ਦੇਵਤਾ । ਅਨਗਿਣਤ ਘਲੂਘਾਰੇ, ਰਾਜ-ਗਰਦੀਆਂ ਤੂੰ ਅਖੀਂ ਦੇਖੀਆਂ ਹੋਣਗੀਆਂ ।

ਇਸਤ੍ਰੀ : ਬਾਬਾ, ਸਾਨੂੰ ਵੀ ਕੋਈ ਚਾਨਣ ਦੀ ਛਿੱਟ ਬਖਸ਼ ।

ਬਰੋਟਾ : ਲੰਮੀ ਕਥਾ ਸੁਣ ਕੇ ਤੁਸੀਂ ਅਕ ਜਾਓਗੇ । ਅਜ ਦੇ ਮਨੁੱਖ ਕੋਲ ਬਜ਼ੁਰਗਾਂ ਦੀ ਬੀਰ-ਗਾਥਾ ਸੁਣਨ ਦੀ ਫੁਰਸਤ ਕਿਥੇ ?

ਮਰਦ : ਅਸੀਂ ਜ਼ਰੂਰ ਸੁਣਾਂਗੇ ।

ਬਰੋਟਾ : ਛੱਡੋ, ਆਪਣੇ ਮਤਲਬ ਦੀ ਕੋਈ ਗੱਲ ਪੁੱਛੋ ।

ਮਰਦ : ਫੇਰ ਇਹ ਦੱਸੋ, ਇਹ ਥਾਂ ਕਿੰਨੀ ਕੁ ਪੁਰਾਣੀ ਹੈ ?

ਬਰੋਟਾ : ਇਸ ਦੇਸ ਦੀ ਤਵਾਰੀਖ ਜਿੰਨੀ ।

ਮਰਦ : ਇਸ ਦਾ ਕੋਈ ਸਬੂਤ, ਕੋਈ ਨਿਸ਼ਾਨੀ ?

ਬਰੋਟਾ : ਉਹ ਸਾਮ੍ਹਣੇ ਟਿੱਬੇ ਵਿਚੋਂ ਤੁਸੀਂ ਹੜੱਪੇ ਵੇਲੇ ਦੀਆਂ ਠੀਕਰੀਆਂ, ਟ੍ਟੇ ਠੂਠੇ, ਭਾਂਡਿਆਂ ਦੇ ਟੁਕੜੇ ਲਭ ਸਕਦੇ ਹੋ ?

ਮਰਦ : ਸੱਚ ਹੈ, ਬਾਬਾ, ਇਹ ਰੋਪੜ ਦਾ ਇਲਾਕਾ ਹੜੱਪੇ ਦੀ ਸਭਿਅਤਾ ਦਾ ਇਕ ਪੜਾਂ ਹੈ ।

ਇਸਤ੍ਰੀ : ਬਾਬੇ ਨੂੰ ਹਿਸਟਰੀ ਦਾ ਪੂਰਾ ਗਿਆਨ ਹੈ ।

ਮਰਦ : ਬਾਬਾ, ਚਮਕੌਰ ਦਾ ਇਹ ਪਿੰਡ ਕਦੋਂ ਬੱਝਾ ਸੀ ?

ਬਰੋਟਾ : ਆਰੀਆ ਲੋਕਾਂ ਦੀ ਮਾਰ ਤੋਂ ਬਚ ਕੇ ਪਹਿਲੋਂ ਪਹਿਲ ਆਦਿ-ਵਾਸੀ ਇਥੇ ਆਣ ਲੁਕੇ ਸਨ ।

ਮਰਦ : (ਦਿਲਚਸਪੀ ਨਾਲ) ਫੇਰ ?

ਬਰੋਟਾ : ਆਰੀਆਂ ਨੇ ਫੇਰ ਵੀ ਆਣ ਲੁਟਿਆ ।

ਮਰਦ : ਦੂਜੀ ਦਫ਼ਾ ਇਹ ਪਿੰਡ ਕਦੋਂ ਵਸਿਆ ?

ਬਰੋਟਾ : ਰਾਮਾਇਣ ਦੇ ਜ਼ਮਾਨੇ ਵਿਚ । ਪਿਛੋਂ ਯਵਨਾਂ ਨੇ ਇਥੋਂ ਤਕ ਹੱਥ ਪਸਾਰੇ ਸਨ ।

ਇਸਤ੍ਰੀ : ਬਾਬਾ, ਤੂੰ ਤਾਂ ਉਹ ਕੁਝ ਜਾਣਦਾ ਹੈਂ, ਜੋ ਇਤਿਹਾਸਾਂ ਵਿਚੋਂ ਵੀ ਨਹੀਂ ਲਭਦਾ ।

ਮਰਦ : ਉਸ ਪਿਛੋਂ ਬਾਬਾ ?

ਬਰੋਟਾ : ਫੇਰ ਮੁਸਲਮਾਨਾਂ ਦੇ ਹਲਿਆਂ ਤੋਂ ਡਰਦਿਆਂ ਰਾਜਪੂਤਾਂ ਨੇ ਇਹ ਪਿੰਡ ਆਣ ਮੱਲਿਆ । ਕਾਫ਼ੀ ਦੇਰ ਪਨਾਹਗੀਰ ਗਿੱਦੜਾਂ ਦਾ ਇਹ ਅੱਡਾ ਬਣਿਆ ਰਿਹਾ ।

ਮਰਦ : ਫੇਰ ਬਾਬਾ, ਇਹ ਮੈਦਾਨੇ ਜੰਗ ਕਿੱਦਾਂ ਬਣਿਆ ?

ਬਰੋਟਾ : ਉਸ ਅੱਲਾਹੀ ਯੋਧੇ, ਦੇਸ਼ ਤੇ ਧਰਮ ਦੇ ਰਖਿਅਕ ਗੁਰੂ ਦੀ ਛੋਹ ਨਾਲ।

ਇਸਤ੍ਰੀ : (ਮਰਦ ਨੂੰ) ਗੁਰੂ ਗੋਬਿੰਦ ਸਿੰਘ ਵਲ ਇਸ਼ਾਰਾ ਹੈ।

ਮਰਦ : ਮੈਂ ਸਮਝਦਾ ਹਾਂ।

ਬਰੋਟਾ : ਸਦੀਆਂ ਪਿਛੋਂ ਇਸ ਧਰਤੀ ਦੇ ਭਾਗ ਜਾਗੇ। ਸੂਰਿਆਂ ਦੀ ਢਾਲ ਬਣੀ ਅਤੇ ਮੁਗਲ ਫ਼ੌਜਾਂ ਲਈ ਵਕਾਲ ਬਣੀ।

ਇਸਤ੍ਰੀ : ਬਾਬਾ, ਅਸੀਂ ਪੜ੍ਹਿਆ ਹੈ, ਇਸ ਕੱਚੀ ਗੜ੍ਹੀ ਵਿਚ ਗੁਰੂ ਨਾਲ ਦੋ ਸਾਹਿਬਜ਼ਾਦੇ, ਪੰਜ ਪਿਆਰੇ ਅਤੇ ਕੁਲ ਚਾਲੀ ਸਿੰਘ [redacted] ਮੁਗਲਾਂ ਦੀਆਂ ਬੇਸ਼ੁਮਾਰ ਫ਼ੌਜਾਂ ਤੇ ਮੁਲਖੱਈਏ ਨੇ ਘੇਰਾ ਪਾਇਆ ਹੋ [redacted] ਸੀ।

ਮਰਦ : ਜੇ ਇਹ ਸੱਚ ਹੈ, ਫੇਰ ਤਾਂ ਦੁਨੀਆਂ ਭਰ ਦੇ ਇਤਿਹਾਸ ਦਾ ਇਹ ਇਕ ਲਾਸਾਨੀ ਸਾਕਾ ਹੈ।

ਬਰੋਟਾ : ਜੇ ਇਹ ਸੱਚ ਹੈ—(ਉੱਚੀ ਹੱਸਦਾ ਹੈ)

ਮਰਦ : (ਡਰ ਕੇ ਹਲੀਮੀ ਨਾਲ) ਗੁਸਤਾਖ਼ੀ ਮੁਆਫ਼, ਖੋਜੀ ਲੋਕ ਗੱਲ-ਗੱਲ ਤੇ ਸ਼ੱਕ-ਸ਼ੁਭਾ ਕਰਦੇ ਨੇ। ਬਿਨਾਂ ਠੋਸ ਸਬੂਤ ਦੇ ਉਹ ਕੋਈ ਗੱਲ ਨਹੀਂ ਮੰਨਦੇ।

ਬਰੋਟਾ : ਕੀ ਅੱਖੀਂ ਵੇਖੀ ਘਟਨਾ ਤੇ ਯਕੀਨ ਹੋ ਸਕਦਾ ?

ਇਸਤ੍ਰੀ : ਕਿਉਂ ਨਹੀਂ ਬਾਬਾ, ਹੱਥ ਕੰਗਣ ਨੂੰ ਆਰਸੀ ਕੀ ?

ਮਰਦ : ਸਿੱਖ ਹਿਸਟੋਰੀਅਨਜ਼ ਨੇ ਜਜ਼ਬਾਤ ਵਿਚ ਪਿਘਲ ਕੇ ਵਧਾ-ਚੜ੍ਹਾ ਕੇ ਗੱਲਾਂ ਲਿਖੀਆਂ ਹੋਈਆਂ ਹੈਨ, ਇਸ ਵਾਸਤੇ ਛਾਣ ਬੀਣ ਕਰਨੀ ਪੈਂਦੀ ਹੈ।

ਬਰੋਟਾ : ਕੀ ਮੇਰੀ ਉਗਾਹੀ ਉਤੇ ਤੁਹਾਨੂੰ ਸ਼ੱਕ ਹੈ ?

ਇਸਤ੍ਰੀ : (ਡਰ ਕੇ ਇਕ-ਦਮ) ਬਿਲਕੁਲ ਨਹੀਂ।

ਮਰਦ : ਬਾਬਾ, ਤੇਰੀ ਇਕ ਇਕ ਗੱਲ ਸੱਚੀ ਹੈ। ਤੂੰ ਸੱਚ-ਮੁੱਚ ਦੇਸ਼ ਦਾ ਦਰਦੀ ਹੈਂ।

ਬਰੋਟਾ : ਕੀ ਸੱਚ ਨੂੰ ਜਾਨਣ ਲਈ ਤਿਆਰ ਹੋ ?

ਮਰਦ : ਜ਼ਰੂਰ, ਸਾਨੂੰ ਠੋਸ ਸਬੂਤ ਚਾਹੀਦੇ ਨੇ।

ਬਰੋਟਾ : ਫੇਰ ਸੋਚ ਲਓ।

ਦੋਵੇਂ : ਅਸੀਂ ਬਿਲਕੁਲ ਤਿਆਰ ਹਾਂ।

ਬਰੋਟਾ : ਉਸ ਲਈ ਇਕ ਸ਼ਰਤ ਹੈ।

ਮਰਦ : ਉਹ ਕੀ ?

ਬਰੋਟਾ : ਇਸ ਖ਼ਾਤਰ ਤੁਹਾਨੂੰ ਪਰਾਣ ਤਿਆਗਣੇ ਪੈਣਗੇ।

ਮਰਦ : (ਡਰ ਕੇ) ਦੇਵਤਾ ਜੀ, ਫੇਰ ਕ੍ਰੋਧਵਾਨ ਹੋ ਗਏ ਓ।

ਬਰੋਟਾ : (ਉੱਚੀ ਹੱਸਦਾ ਹੋਇਆ) ਦੇਖੋ ਬੇਟਾ, ਤੁਸੀਂ ਕਿਆਸ ਵਿਚ ਵੀ ਮਰਨ ਲਈ ਤਿਆਰ ਨਹੀਂ। ਸਿੰਘਾਂ ਦੇ ਬੇ-ਮਿਸਾਲ ਸਾਕੇ ਦਾ ਤੁਹਾਨੂੰ ਕਿੱਦਾਂ ਯਕੀਨ ਆ ਸਕਦਾ ਹੈ।

ਮਰਦ : ਬਿਲਕੁਲ ਸੱਚ ਕਿਹਾ ਹੈ, ਬਾਬਾ।

ਬਰੋਟਾ : ਤੁਹਾਡੇ ਵਿਚੋਂ ਹਿੰਮਤ, ਦਲੇਰੀ ਤੇ ਕੁਰਬਾਨੀ ਖ਼ਤਮ ਹੋ ਗਈ ਹੈ। ਖ਼ੁਦਗਰਜ਼ੀ ਨੇ ਦਿਲਾਂ ਦਿਮਾਗ਼ਾਂ ਨੂੰ ਘੇਰ ਲਿਆ ਹੈ। ਤਾਹੀਉਂ ਤੁਹਾਡਾ ਦੇਸ ਤੇ ਕੌਮ ਦਿਨੋ ਦਿਨ ਜ਼ਵਾਲ ਵਲ ਜਾ ਰਹੀ ਹੈ।

ਮਰਦ : ਸੱਚ ਹੈ ਬਾਬਾ, ਸਾਡੇ ਵਿਚੋਂ ਸਭ ਪੁਰਾਣੇ ਗੁਣ ਅਲੋਪ ਹੋ ਗਏ ਹਨ।

ਬਰੋਟਾ : ਮੈਂ ਖ਼ੁਸ਼ ਹਾਂ, ਤੇਰੇ ਵਿਚ ਘਟੋ-ਘਟ ਆਪਣੀ ਕਮਜ਼ੋਰੀ ਨੂੰ ਮੰਨਣ ਦੀ ਦਲੇਰੀ ਤਾਂ ਹੈ।

ਮਰਦ : ਸਭ ਸਿਆਣੇ ਦੇਸ ਦੀ ਦਿਨੋ ਦਿਨ ਨਿੱਘਰਦੀ ਹਾਲਤ ਨੂੰ ਮਹਿਸੂਸ ਕਰ ਰਹੇ ਹੈਨ।

ਇਸਤ੍ਰੀ : ਬਾਬਾ, ਸਾਨੂੰ ਵੀ ਕੋਈ ਚਮਤਕਾਰ ਦਿਖੌ, ਤਾਂ ਜੁ ਮੁੜ ਸਾਡੀਆਂ ਰਗਾਂ ਵਿਚ ਦੇਸ-ਕੌਮ ਲਈ ਮਰ ਮਿਟਣ ਦੀ ਹਿੰਮਤ ਪੈਦਾ ਹੋਵੇ।

ਮਰਦ : ਬਾਬਾ, ਤੂੰ ਧੰਨ ਹੈਂ, ਦੇਸ ਦੀ ਦੁਖਦੀ ਰਗ ਤੇ ਹੱਥ ਰਖਿਆ ਹੈ।

ਇਸਤ੍ਰੀ : ਬਾਬਾ, ਹੋਰ ਦਿਲ ਨਾ ਲਾਓ, ਛੇਤੀ ਸਾਨੂੰ ਕੋਈ ਚਮਤਕਾਰ ਦਿਖਾਓ।

ਬਰੋਟਾ : ਠੀਕ, ਤੁਹਾਡੇ ਵਿਚ ਬਹੁਤ ਬੇ-ਸਬਰੀ ਤੇ ਕਾਹਲ ਹੈ, ਅੱਛਾ, ਅੱਖਾਂ ਬੰਦ ਕਰੋ ਅੋਰ ਸਿਦਕ ਧਾਰੋ।

[ਦੋਵੇਂ ਅੱਖਾਂ ਮੀਚ ਕੇ ਖੜ੍ਹੋ ਜਾਂਦੇ ਹਨ।]

ਤੁਹਾਨੂੰ ਯਾਦ ਹੋਵੇਗਾ, ਧ੍ਰਿਤਰਾਸ਼ਟਰ ਨੇ ਸੰਜਯ ਨੂੰ ਕੱਹਾਂ ਤੋਂ ਮਹਾਂਭਾਰਤ ਦਾ ਨਜ਼ਾਰਾ ਦਿਖਾਇਆ ਸੀ। ਅਜ ਮੈਂ ਤੁਹਾਨੂੰ ਸਮਿਆਂ ਦੇ ਚੱਕਰ ਤੋਂ ਪਾਰ ਲਿਜਾਂਦਾ ਹਾਂ।

ਦੋਵੇਂ : ਧੰਨ ਹੈਂ ਤੂੰ ਬਾਬਾ!

ਬਰੋਟਾ : ਹਾਂ, ਇਸੇ ਤਰ੍ਹਾਂ ਬੰਦ ਅਖੀਂ ਮੇਰੇ ਪਿਛੇ ਵਲ ਆਓ।

[ਦੋਵੇਂ ਡਰਦੇ ਡਰਦੇ ਬੋਹੜ ਦੇ ਪਿਛੇ ਵਲ ਜਾਂਦੇ ਹਨ। ਹਨੇਰਾ ਛਾ ਜਾਂਦਾ ਹੈ।]

ਬਰੋਟਾ : ਬੇਟਾ, ਏਸ ਸਾਕੇ ਬਾਰੇ ਪਹਿਲਾਂ ਇਕ ਮੁੱਢਲੀ ਗੱਲ ਸਮਝ ਲਵੋ।

ਦੋਵੇਂ : (ਪਿਛੋਂ ਅਵਾਜ਼) ਦਸੋ ਬਾਬਾ।

ਬਰੋਟਾ : ਸਿੱਖੀ ਸਿਦਕ ਦੀ ਕਰਾਮਾਤ ਹੈ। ਇਕ ਅਕਾਲ ਪੁਰਖ ਉਤੇ ਪੂਰਨ

ਭਰੋਸਾ ਇਸ ਕ੍ਰਿਸ਼ਮੇ ਦਾ ਭੇਦ ਹੈ ।

ਸਾਮ੍ਹਣੇ ਦੇਖੋ, ਮੈਂ ਤੁਹਾਨੂੰ ਸਮਿਆਂ ਦੇ ਪੁਲਾੜ ਤੋਂ ਪਾਰ ਲਿਜਾਂਦਾ ਹਾਂ । ਰੂਹਾਂ ਦੇ ਦੇਸ ਵਿਚੋਂ ਦੀ ਲੰਘਾਂਦਾ ਹਾਂ ।

ਤੁਸੀਂ ਹੁਣ ਅਠ ਨੋ ਪੋਹ ਸੰਮਤ ੧੭੬੧ ਦੀ ਇਕ ਘੁਪ ਹਨੇਰੀ ਰਾਤ ਵਿਚ ਪੁਜ ਗਏ ਹੋ । ਦੋ ਸਾਹਿਬਜ਼ਾਦੇ ਅਜੀਤ ਸਿੰਘ, ਜੁਝਾਰ ਸਿੰਘ, ਤਿੰਨ ਪਿਆਰੇ : ਸਾਹਿਬ ਸਿੰਘ, ਹਿੰਮਤ ਸਿੰਘ, ਮੋਹਕਮ ਸਿੰਘ ਅਤੇ ੩੨ ਸਿੰਘ-ਸੂਰਮੇ ਦਿਨ ਭਰ ਦੀ ਜੰਗ ਵਿਚ ਸ਼ਹੀਦ ਹੋ ਗਏ ਨੇ । ਗੁਰੂ ਗੋਬਿੰਦ ਸਿੰਘ ਪੰਜ ਸਿੰਘਾਂ ਦੀ ਬੇਨਤੀ ਪਰਵਾਨ ਕਰ ਕੇ ਮੁਗਲਾਂ ਦੇ ਘੇਰੇ ਵਿਚੋਂ ਨਿਕਲ ਚੁਕੇ ਨੇ । ਭਾਈ ਦਯਾ ਸਿੰਘ ਧਰਮ ਸਿੰਘ ਤੇ ਮਾਨ ਸਿੰਘ ਉਨ੍ਹਾਂ ਦੇ ਨਾਲ ਨੇ ।

ਜ਼ਰਾ ਉਧਰ ਪੂਰਬ ਵਲ ਝਾਕੋ, ਪਹੁ ਫੁਟਾਲੇ ਦੀ ਪਹਿਲੀ ਲਾਲੀ । ਰਾਤ ਤੋਂ ਬਾਅਦ ਸਦਾ ਦਿਨ ਚੜ੍ਹਦਾ ਹੈ । ਸਵੇਰ ਹੁੰਦੇ ਸਾਰ ਚੌਹਾਂ ਪਾਸਿਆਂ ਤੋਂ ਏਸ ਕੱਚੀ ਗੜ੍ਹੀ ਉਤੇ ਹਮਲਾ ਹੁੰਦਾ ਹੈ । ਗੜ੍ਹੀ ਵਿਚਲੇ ਦੋ ਬਹਾਦਰ ਸਿੰਘ ਲੜਦੇ ਲੜਦੇ ਸ਼ਹੀਦ ਹੋ ਜਾਂਦੇ ਹਨ ।

[ਜਸ਼ਨ ਦੀਆਂ ਅਵਾਜ਼ਾਂ ਸੁਣਾਈ ਦਿੰਦੀਆਂ ਹਨ ।]

[ਵਕਫ਼ਾ]

ਸੁਣਦੇ ਹੋ, ਕਿੱਦਾਂ ਜੰਗਲ ਵਿਚ ਮੰਗਲ ਹੋ ਰਿਹਾ ਹੈ, ਖ਼ੁਸ਼ੀ ਦੇ ਸ਼ਾਦਿਆਨੇ ਵਜ ਰਹੇ ਨੇ, ਨਵਾਬ ਵਜ਼ੀਰ ਮੁਗ਼ਲ ਫ਼ੌਜਦਾਰ ਜਿਤ ਦੇ ਨਸ਼ੇ ਵਿਚ ਮਖ਼ਮੂਰ ਹੈ ।

[ਵਕਫ਼ਾ]

ਹੁਣੇ ਵਜ਼ੀਰ ਖ਼ਾਂ ਨੂੰ ਗੁਪਤ ਖ਼ਬਰ ਮਿਲਦੀ ਹੈ । ਖ਼ੁਸ਼ੀ ਦੀ ਥਾਂ ਗੁੱਸਾ ਉਸ ਦੇ ਚਿਹਰੇ ਤੇ ਛਾ ਜਾਂਦਾ ਹੈ । ਇਸ ਦਾ ਕਾਰਨ ਜਾਣਨਾ ਚਾਹੁੰਦੇ ਹੋ ? ਸੁਣੋ ।

[ਵਕਫ਼ਾ]

ਉਹ ਸੀਸ ਜੋ ਗੁਰੂ ਦਾ ਸਮਝ ਕੇ ਔਰੰਗਜ਼ੇਬ ਪਾਸ ਭੇਜਣ ਦਾ ਹੁਕਮ ਦੇ ਦਿਤਾ ਸੀ, ਭਾਈ ਸੰਗਤ ਸਿੰਘ ਦਾ ਨਿਕਲਦਾ ਹੈ । ਵਜ਼ੀਰ ਖ਼ਾਂ ਦੇ ਗੁੱਸੇ ਤੇ ਮਾਯੂਸੀ ਦੀ ਕੋਈ ਹਦ ਨਹੀਂ ਰਹਿੰਦੀ ।

(ਉਚੀ) ਗਹੁ ਨਾਲ ਦੇਖੋ, ਨਵਾਬ ਵਜ਼ੀਰ ਖ਼ਾਂ ਸੂਬਾ ਸਰਹੰਦ ਸਾਮ੍ਹਣੇ ਆ ਰਿਹਾ ਹੈ ! ਕਿੰਨਾ ਕਹਿਰਵਾਨ ਦਿਖਾਈ ਦਿੰਦਾ ਹੈ । ਉਸ ਦੇ ਮਨ

ਦੀ ਹਾਲਤ ਦਾ ਤੁਸੀਂ ਖ਼ੁਦ ਅੰਦਾਜ਼ਾ ਲਾਓ। ਉਹ ਅਗੇ ਵਧ ਆਇਆ ਹੈ। ਜ਼ਰਾ ਗਹੁ ਨਾਲ ਦੇਖੋ।

ਵਜ਼ੀਰ ਖ਼ਾਂ : (ਮੱਕੇ ਵਟਦਾ ਤੇ ਦੰਦ ਕਰੀਚਦਾ ਹੋਇਆ) ਇਹ ਸਭ ਕੁਝ ਕਿਸ ਤਰ੍ਹਾਂ ਹੋਇਆ ? ਕਿਉਂ ਹੋਇਆ ? ਕਿਸਮਤ ਨੇ ਮੇਰੇ ਨਾਲ ਕਿਆ ਮਜ਼ਾਕ ਕੀਤਾ ! ਮੇਰਾ ਦਿਮਾਗ਼ ਗੁੱਸੇ ਨਾਲ ਬੇਕਾਬੂ ਹੋ ਰਿਹਾ ਹੈ। ਮੈਂ ਜਹਾਨ ਪਨਾਹ ਨੂੰ ਕਿਹੜਾ ਮੂੰਹ ਦਿਖਾਵਾਂਗਾ ! ਕਿਆ ਖ਼ਬਰ ਪੁਚਾਵਾਂਗਾ ! ਝੂਠੀਆਂ ਕਸਮਾਂ ਖਾ ਕੇ ਮੈਂ ਗੁਰੂ ਨੂੰ ਅਨੰਦਪੁਰ ਤੋਂ ਕਢਵਾਇਆ। ਅਠ ਮਹੀਨੇ ਅਨੰਦਪੁਰ ਨੂੰ ਘੇਰਾ ਪਾਈ ਰੱਖਿਆ। ਗੁਰੂ ਨੂੰ ਜ਼ਿੰਦਾ ਪਕੜਨ ਦੀ ਮੇਰੀ ਵਡ ਫੋਕੀ ਨਿਕਲੀ।

ਯਾ ਖ਼ੁਦਾ, ਉਸ ਨਾਲੋਂ ਵੀ ਕਿਤੇ ਜ਼ਿਆਦਾ ਅਜ ਮੇਰੇ ਨਾਲ ਹੋਈ ਹੈ। ਇਕ ਦਿਨ ਤੇ ਦੋ ਰਾਤਾਂ ਬੇਸ਼ੁਮਾਰ ਫ਼ੌਜਾਂ ਕੱਚੀ ਹਵੇਲੀ ਤੇ ਹਮਲਾ ਨਾ ਕਰ ਸਕੀਆਂ। ਬੁਜ਼ਦਿਲੀ ਦੀ ਇੰਤਹਾ ਹੈ ! ਲੋਕੀ ਮੇਰੇ ਤੇ ਹੱਸਣਗੇ। ਤਾਰੀਖ਼ ਮੇਰਾ ਮਖੌਲ ਉਡਾਏਗੀ। ਜਹਾਂ ਪਨਾਹ ਮੈਨੂੰ ਲਾਹਨਤਾਂ ਪਾਣਗੇ। ਮੇਰੇ ਜ਼ਾਤੀ ਦੁਸ਼ਮਣਾਂ ਦੀ ਚੜ੍ਹ ਮਚੇਗੀ। ਉਫ਼ ! ਯਾ ਅੱਲਾ ! ਇਹ ਸਭ ਕੁਝ ਕਿਸ ਤਰ੍ਹਾਂ ਹੋਇਆ ! ਮੁੱਠੀ ਭਰ ਸਿੰਘਾਂ ਵਿਚ ਐਨਾ ਹੌਸਲਾ ਔਰ ਮਰਦਾਨਗੀ ਕਿਥੋਂ ਆ ਗਈ। ਇਹ ਲੋਕ ਕਿਸ ਮਾਦੇ ਦੇ ਬਣੇ ਹੋਏ ਨੇ ! ਇਨ੍ਹਾਂ ਕਾਫ਼ਰਾਂ ਨੇ ਕਿਆ ਆਬੇ-ਹਯਾਤ ਪੀਤਾ ਹੋਇਆ ਹੈ। ਨਾ ਇਨ੍ਹਾਂ ਦਾ ਘਰ ਨਾ ਘਾਟ। ਨਾ ਇਨ੍ਹਾਂ ਨੂੰ ਮੌਤ ਦਾ ਡਰ ਨਾ ਭੁੱਖ ਦਾ ਦੁਖ। ਨਾ ਨੀਂਦਰ ਨਾ ਆਰਾਮ।

ਮੇਰੇ ਬੀਵੀ, ਮੇਰੇ ਬੱਚੇ ! ਮੇਰੇ ਮੌਲਾ, ਮੈਂ ਆਪਣੀ ਜਾਨ ਕਿੱਦਾਂ ਖ਼ਤਰੇ ਵਿਚ ਪਾ ਸਕਦਾ ਸਾਂ ! ਵਸੀਹ ਸੂਬਾ ਸਰਹੰਦ ਦਾ ਕਿਆ ਬਣਦਾ ! ਨਾਹਰ ਖ਼ਾਂ ਵਰਗੇ ਸਿਪਾਹ-ਸਲਾਰ ਮੇਰੀਆਂ ਅੱਖਾਂ ਸਾਮ੍ਹਣੇ ਘਾਇਲ ਹੋਏ। ਨਹੀਂ ਨਹੀਂ, ਮੈਂ ਬੁਜ਼ਦਿਲ ਨਹੀਂ ਹਾਂ, ਇਨਸਾਨ ਹਾਂ।

(ਦੋ ਤਿੰਨ ਚੱਕਰ ਕਟਦਾ ਹੈ।]

ਕੁਝ ਸਮਝ ਨਹੀਂ ਆਉਂਦੀ, ਐਨੇ ਕਰੜੇ ਘੇਰੇ ਵਿਚੋਂ ਗੁਰੂ ਕਿਸ ਤਰ੍ਹਾਂ ਬਚ ਕੇ ਨਿਕਲ ਗਿਆ। (ਗੁੱਸੇ ਨਾਲ ਭੜਕ ਕੇ) ਇਹ ਮੇਰੇ ਬਦਜ਼ਾਤ ਨਮਕ-ਹਰਾਮ ਸਿਪਾਹੀਆਂ ਦੀ ਕਮਜ਼ੋਰੀ ਹੈ ਜਾਂ ਮੇਰੇ ਨਾਇਬ ਫ਼ੌਜਦਾਰਾਂ ਦੀ ਬੇਈਮਾਨੀ ਹੈ। ਮੈਂ ਇਨ੍ਹਾਂ ਬੁਜ਼ਦਿਲਾਂ ਦੇ ਟੁਕੜੇ ਟੁਕੜੇ ਕਰ ਦਿਆਂਗਾ। ਸਖ਼ਤ ਤੋਂ ਸਖ਼ਤ ਸਜ਼ਾ ਦੇਵਾਂਗਾ।

(ਹੱਥਾਂ ਨਾਲ ਤੌੜੀ ਵਜਾਂਦਾ ਹੈ।)

ਚੋਬਦਾਰ : (ਝੁਕ ਕੇ ਸਲਾਮ ਕਰ ਕੇ) ਗ਼ੁਲਾਮ ਹਾਜ਼ਿਰ ਹੈ।

ਵਜ਼ੀਰ ਖ਼ਾਂ : ਉਹ ! ਤੂੰ ਪਾਸ ਹੀ ਖੜਾ ਸੀ । ਜਾਹ, ਇਕ ਸ਼ਾਹੀ ਨਿਗਰਾਨ ਨੂੰ ਬੁਲਾ ਕੇ ਲਿਆ।

ਚੋਬਦਾਰ : (ਝੁਕ ਕੇ) ਜੋ ਹੁਕਮ ਹਜ਼ੂਰ।

ਵਜ਼ੀਰ ਖ਼ਾਂ : ਇਸ ਨੇ ਮੇਰੀਆਂ ਸਭ ਗੱਲਾਂ ਸੁਣ ਲਈਆਂ ਨੇ। ਕੋਈ ਬਾਤ ਨਹੀਂ। ਮੈਂ ਇਸ ਦਾ ਮੂੰਹ ਹਮੇਸ਼ਾ ਲਈ ਬੰਦ ਕਰ ਦਿਆਂਗਾ।

ਨਿਗਰਾਨ : (ਝੁਕ ਕੇ) ਹੁਕਮ ਬੰਦਾ ਪਰਵਰ।

ਵਜ਼ੀਰ ਖ਼ਾਂ : ਖ਼ੁਆਜਾ ਜ਼ੱਫ਼ਰ ਬੇਗ ਨੂੰ ਬੁਲਾ ਕੇ ਲਿਆ।

ਨਿਗਰਾਨ : ਹਜ਼ੂਰ, ਖ਼ਵਾਜਾ ਸਾਹਿਬ ਕੋਈ ਸੂਹ ਲੈਣ ਗਏ ਹੋਨ।

ਵਜ਼ੀਰ ਖ਼ਾਂ : ਹਾਂ ਠੀਕ ਹੈ, ਹੁਣੇ ਆ ਜਾਵੇਗਾ । ਫੇਰ ਉਸ ਬੁਜ਼ਦਿਲ ਫੋਜਦਾਰ ਦਲੇਰ ਨੂੰ ਹਾਜ਼ਿਰ ਕਰ। (ਆਪਣੇ ਆਪ) ਮਾਂ ਕੋਲੋਂ ਨਾਮ ਰਖਿਆ ਹੈ ਦਲੇਰ ਖ਼ਾਂ। ਹੂੰ ! ਇਸ ਦਾ ਜ਼ਿੰਦਾ ਵਿਰਨਾ ਮੇਰੇ ਲਈ ਲਾਹਨਤ—

ਨਿਗਰਾਨ : ਹਜ਼ੂਰ, ਖ਼ਾਨ ਸਾਹਿਬ ਪਿਛੇ ਖੜੇ ਹੈਨ।

ਵਜ਼ੀਰ ਖ਼ਾਂ : ਐਧਰ ਸਾਮ੍ਹਣੇ ਆ ਔਰ ਆਪਨਾ ਮਨਹੂਸ ਚਿਹਰਾ ਦਿਖਾ। ਕਲੰਕ ਦੀ ਕਾਲਖ ਨਾਲ ਬੇਪਛਾਣ ਹੋ ਗਿਆ ਹੈਂ।

ਦਲੇਰ ਖ਼ਾਂ : (ਬੜੀ ਅਣਖ ਨਾਲ) ਆਲੀ ਜਹਾਂ ! ਮੇਰੀ ਤਫ਼ਤੀਸ਼ ਮੁਤਾਬਕ ਗੁਰੂ ਆਪ ਦੇ ਖ਼ੈਮੇ ਪਾਸ ਦੀ ਗੁਜ਼ਰੇ ਹੈਨ।

ਵਜ਼ੀਰ ਖ਼ਾਂ : (ਤਲਮਲਾ ਕੇ) ਗ਼ਲਤ ਹੈ, ਬਕਵਾਸ ਹੈ, ਸਰਾਸਰ ਝੂਠ !! ਇਹ ਕਿਸ ਤਰ੍ਹਾਂ ਹੋ ਸਕਦਾ ਹੈ ?

ਦਲੇਰ ਖ਼ਾਂ : ਸਰਕਾਰ ਨੂੰ ਅਜੇ ਵੀ ਗੁਰੂ ਦੀ ਅਜ਼ਮਤ ਤੇ ਸ਼ਕ ਹੈ ?

ਜ਼ੱਫ਼ਰ ਬੇਗ : (ਝੁਕ ਕੇ) ਹਜ਼ੂਰ ... ...

ਵਜ਼ੀਰ ਖ਼ਾਂ : ਜ਼ੱਫ਼ਰ ਬੇਗ, ਤੇਰਾ ਕਿਆ ਖ਼ਿਆਲ ਹੈ ?

ਜ਼ੱਫ਼ਰ ਬੇਗ : (ਉਸ ਨੂੰ ਠੰਡਾ ਕਰਨ ਦੇ ਖ਼ਿਆਲ ਨਾਲ) ਨਵਾਬ ਸਾਹਿਬ, ਹੋ ਸਕਦਾ ਹੈ ਗੁਰੂ ਅਜੇ ਵੀ ਇਥੇ ਕਿਤੇ ਛਿਪੇ ਹੋਣ।

ਵਜ਼ੀਰ ਖ਼ਾਂ : ਮੈਨੂੰ ਬੇਵਕੂਫ਼ ਮਤ ਬਣਾਓ। ਸਿਪਾਹੀਆਂ ਨੇ ਧਰਤੀ ਦਾ ਚੱਪਾ ਚੱਪਾ ਢੂੰਡ ਮਾਰਿਆ ਹੈ।

ਦਲੇਰ ਖ਼ਾਂ : ਮੈਨੂੰ ਤਾਂ ਇਹ ਕੋਈ ਰੱਬੀ ਕ੍ਰਿਸ਼ਮਾ ਲਗਦਾ ਹੈ ?

ਜ਼ੱਫ਼ਰ ਬੇਗ : ਹੋ ਸਕਦਾ ਹੈ ਇਸ ਵਿਚ ਗੜ੍ਹੀ ਦੇ ਮਾਲਕ ਦੀ ਬੇਈਮਾਨੀ ਹੋਵੇ।

ਵਜ਼ੀਰ ਖ਼ਾਂ : ਪਿੰਡ ਦੇ ਪੈਂਚਾਂ ਦੀਆਂ ਮੁਸ਼ਕਾਂ ਬੰਨ੍ਹ ਕੇ ਹਾਜ਼ਿਰ ਕਰੋ।

ਜ਼ੱਫ਼ਰ ਬੇਗ : ਪਿੰਡ ਵਿਚ ਕੋਈ ਬਸ਼ਰ ਨਹੀਂ ਰਿਹਾ ਜਨਾਬ।

ਵਜ਼ੀਰ ਖ਼ਾਂ : (ਹੋਰ ਗੁੱਸੇ ਨਾਲ) ਕਿਆ ਉਹ ਬਦਜ਼ਾਤ ਰਾਜਪੂਤ ਵੀ ਦੌੜ ਗਏ।

ਜ਼ੱਫਰ ਬੇਗ : ਨਹੀਂ ਜਨਾਬ ! ਉਹ ਦੋਵੇਂ ਭਰਾ ਗ੍ਰਿਫ਼ਤਾਰ ਕੀਤੇ ਹੋਏ ਹੈਨ ।

ਵਜ਼ੀਰ ਖ਼ਾਂ : ਉਨ੍ਹਾਂ ਨੂੰ ਫ਼ੌਰਨ ਸਾਮ੍ਹਣੇ ਪੇਸ਼ ਕਰੋ ।

ਨਿਗਰਾਨ : ਬੰਦਾ ਨਵਾਜ਼, ਮੁਲਜ਼ਿਮ ਹਾਜ਼ਿਰ ਹੈ ।

ਵਜ਼ੀਰ ਖ਼ਾਂ : (ਗੁੱਸੇ ਨਾਲ ਘੂਰ ਕੇ) ਕਿਆ ਨਾਮ ਹੈ ਤੇਰਾ ?

ਜਗਤ ਸਿੰਘ : ਜਹਾਨ ਪਨਾਹ, ਖ਼ਾਦਮ ਨੂੰ ਲੋਕੀ ਰਾਇ ਜਗਤ ਸਹੁੰ ਕਹਿੰਦੇ ਨੇ ।

ਵਜ਼ੀਰ ਖ਼ਾਂ : (ਨਫ਼ਰਤ ਨਾਲ) ਹੂੰ ! ਮੂੰਹ ਦੇਖੋ ਰਾਇ-ਜ਼ਾਦੇ ਦਾ ।
ਓਇ ਕੁੱਤੇ ਕਮੀਨੇ, ਗੁਰੂ ਨੂੰ ਤੂੰ ਸ਼ਰਨ ਦਿੱਤੀ ਸੀ ?

ਦਲੇਰ ਖ਼ਾਂ : ਜਨਾਬ, ਇਸ ਨੇ ਤਾਂ ਸਗੋਂ ਖ਼ੁਫ਼ੀਆ ਖ਼ਬਰ ਦਿੱਤੀ ਸੀ । ਨਹੀਂ ਤਾਂ ਅਸੀਂ ਖ਼ਬਰੇ ਕਿਧਰ ਭਟਕਦੇ ਫਿਰਨਾ ਸੀ ।

ਵਜ਼ੀਰ ਖ਼ਾਂ : ਫੇਰ ਇਸ ਨੂੰ ਕਿਉਂ ਗ੍ਰਿਫ਼ਤਾਰ ਕੀਤਾ ਹੈ ? ਦੋਸਤ ਦੁਸ਼ਮਣ ਵਿਚ ਤੁਹਾਨੂੰ ਕੋਈ ਤਮੀਜ਼ ਨਹੀਂ ?

ਦਲੇਰ ਖ਼ਾਂ : ਨਵਾਬ ਸਾਹਿਬ, ਗੁੱਸੇ ਵਿਚ ਤੁਸੀਂ ਸਭ ਕੁਝ ਭੁਲ ਜਾਂਦੇ ਹੋ । ਤੁਸੀਂ ਖ਼ੁਦ ਹੁਕਮ ਦਿਤਾ ਸੀ ਕਿ ਤਫ਼ਤੀਸ਼ ਖ਼ਤਮ ਹੋਏ ਬਿਨਾਂ ਰਿਹਾ ਨਹੀਂ ਕਰਨਾ ।

ਜ਼ੱਫਰ ਬੇਗ : ਰਾਏ ਜਗਤ ਸੇਹੁੰ ਨੇ ਤਾਂ ਸਿੰਘਾਂ ਦੀ ਗਿਣਤੀ ਤਕ ਦਸ ਦਿਤੀ ਸੀ ।

ਵਜ਼ੀਰ ਖ਼ਾਂ : ਫੇਰ ਮੈਨੂੰ ਕਿਉਂ ਨਹੀਂ ਬਤਾਇਆ ?

ਦਲੇਰ ਖ਼ਾਂ : ਸਭ ਕੁਝ ਦਸਿਆ ਗਿਆ ਸੀ । ਹਜ਼ੂਰ ਨੇ ਯਕੀਨ ਨਹੀਂ ਸੀ ਕੀਤਾ ।

ਵਜ਼ੀਰ ਖ਼ਾਂ : ਜੇ ਤੈਨੂੰ ਯਕੀਨ ਸੀ, ਫੇਰ ਤੂੰ ਹਵੇਲੀ ਉਤੇ ਹਮਲਾ ਕਿਉਂ ਨਾ ਕੀਤਾ ?

ਦਲੇਰ ਖ਼ਾਂ : ਫ਼ੌਜਦਾਰ ਦੇ ਹੁਕਮ ਬਿਨਾਂ ਕੋਈ ਹਮਲਾ ਨਹੀਂ ਹੋ ਸਕਦਾ ।

ਵਜ਼ੀਰ ਖ਼ਾਂ : ਤੂੰ ਮੇਰਾ ਹੁਕਮ ਕਦੋਂ ਮੰਗਿਆ ਸੀ ?

ਦਲੇਰ ਖ਼ਾਂ : (ਵਿਅੰਗ ਨਾਲ) ਨਵਾਬ ਸਾਹਿਬ, ਸੱਚ ਪੁਛਦੇ ਹੋ । ਉਸ ਜੋਤਸ਼ੀ ਦੇ ਬੱਚੇ ਨੇ ਮੈਨੂੰ ਸ਼ਕ ਵਿਚ ਪਾ ਦਿਤਾ ਸੀ ।

ਵਜ਼ੀਰ ਖ਼ਾਂ : (ਚੌਂਕ ਕੇ, ਜਿਵੇਂ ਕੋਈ ਭੁਲੀ ਗੱਲ ਯਾਦ ਆ ਗਈ ਹੁੰਦੀ ਹੈ) ਕਿਆ ਸ਼ੁਬਾ ਸੀ ਉਹ ?

ਦਲੇਰ ਖ਼ਾਂ : ਏਹੋ ਪਈ ਤੇਰੀ ਮੌਤ ਅਜ ਗੁਰੂ ਦੇ ਤੀਰ ਨਾਲ ਹੋਵੇਗੀ । ਸ਼ਾਇਦ ਹਜ਼ੂਰ ਨੂੰ ਵੀ ਉਸੇ ਪਾਜੀ ਨੇ ਸ਼ਕ ਪਾਇਆ ਸੀ ।

ਵਜ਼ੀਰ ਖ਼ਾਂ : ਮੈਂ ਉਸ ਦੀਆਂ ਗੱਲਾਂ ਤੇ ਜ਼ਰਾ ਇਤਬਾਰ ਨਹੀਂ ਸੀ ਕੀਤਾ ।

ਦਲੇਰ ਖ਼ਾਂ : (ਲਾ ਕੇ) ਜਨਾਬ ਫ਼ੌਜਦਾਰ ਦੀ ਜਾਨ ਮਹਿਫ਼ੂਜ਼ ਰਹਿਣੀ ਚਾਹੀਦੀ ਹੈ ।

ਵਜ਼ੀਰ ਖ਼ਾਂ : ਤੇਰੀ ਦਲੇਰੀ ਦਾ ਵੀ ਅਜ ਗੁਲ ਖਿਲ ਗਿਆ ਹੈ । ਮੈਂ ਤੇਰੇ ਉਤੇ ਸੰਗੀਨ ਜੁਰਮ ਆਇਦ ਕਰਾਂਗਾ ।

ਦਲੇਰ ਖ਼ਾਂ : ਨਵਾਬ ਸਾਹਿਬ, ਆਪਣੀ ਕਮਜ਼ੋਰੀ ਨੂੰ ਗੁੱਸੇ ਵਿਚ ਲੁਕਾਣ ਦੀ ਕੋਸ਼ਿਸ਼ ਨਾ ਕਰੋ ।

ਵਜ਼ੀਰ ਖ਼ਾਂ : ਮੈਨੂੰ ਪਤਾ ਲਗਾ ਹੈ, ਅੰਦਰੋਂ ਤੂੰ ਗੁਰੂ ਨਾਲ ਹਮਦਰਦੀ ਰਖਦਾ ਹੈਂ ।

ਦਲੇਰ ਖ਼ਾਂ : ਆਲੀ ਜਾਨ, ਕੋਈ ਸਬੂਤ !

ਵਜ਼ੀਰ ਖ਼ਾਂ : ਤੂੰ ਪੀਰ ਬੁੱਧੂ ਸ਼ਾਹ ਦਾ ਪੈਰੋਕਾਰ ਹੈਂ ।

ਦਲੇਰ ਖ਼ਾਂ : ਹਜ਼ੂਰ ਨੂੰ ਗਲਤ ਸੂਹ ਦਿਤੀ ਗਈ ਹੈ । ਇਕ ਬਹਾਦਰ ਦੂਜੇ ਬਹਾਦਰ ਦੀ ਕਦਰ ਕਰਦਾ ਹੈ । ਐਨੇ ਮਹੀਨਿਆਂ ਦੇ ਟਾਕਰੇ ਪਿਛੋਂ ਕੌਣ ਨਹੀਂ ਗੁਰੂ ਦੀ ਦਿਲੋਂ-ਜਾਨ ਇੱਜ਼ਤ ਕਰਦਾ ! ਸਿਕੰਦਰ ਆਜ਼ਮ ਨੇ ਵੀ ਬਹਾਦਰ ਪੋਰਸ ਅਗੇ ਸਿਰ ਝੁਕਾਇਆ ਸੀ ।

ਵਜ਼ੀਰ ਖ਼ਾਂ : ਗੋਇਆ ਤੂੰ ਇਕਬਾਲ ਕਰਦਾ ਹੈਂ ?

ਦਲੇਰ ਖ਼ਾਂ : ਗ਼ਦਾਰੀ ਦਾ ਨਹੀਂ, ਗੁਰੂ ਦੀ ਅਜ਼ਮਤ ਦਾ ।

ਵਜ਼ੀਰ ਖ਼ਾਂ : ਭੰਗਾਣੀ ਦੀ ਲੜਾਈ ਵਿਚ ਤੇਰਾ ਕੋਈ ਰਿਸ਼ਤੇਦਾਰ ਵੀ ਗੁਰੂ ਦੀ ਤਰਫ਼ ਲੜਿਆ ਸੀ ।

ਦਲੇਰ ਖ਼ਾਂ : ਨਵਾਬ ਸਾਹਿਬ, ਸੱਯਦ ਬੁੱਧੂ ਸ਼ਾਹ, ਭੀਖਣ ਸ਼ਾਹ ਵਾਂਗ ਬੇਸ਼ੁਮਾਰ ਮੁਸਲਮਾਨ ਪੀਰ ਔਰ ਫ਼ਕੀਰ ਗੁਰੂ ਦੀ ਇੱਜ਼ਤ ਕਰਦੇ ਹੈਨ । ਕਿਉਂਕਿ ਉਹ ਅੱਲਾ ਦੇ ਬੰਦੇ ਨੇ, ਉਹਨਾਂ ਵਾਸਤੇ ਹਿੰਦੂ ਮੁਸਲਮਾਨ ਯਕਸਾਂ ਹੈਂ ।

ਵਜ਼ੀਰ ਖ਼ਾਂ : (ਲਾਜਵਾਬ ਹੁੰਦਾ ਹੋਇਆ) ਮੈਂ ਇਸ ਗੱਲ ਦੀ ਤਹਿ ਤਕ ਪੁਜਾਂਗਾ । ਅਜੇ ਮੈਂ ਮੌਜੂਦਾ ਹਾਲਤ ਪਰ ਕਾਬੂ ਪਾਉਣਾ ਹੈ ।

(ਰੁਖ਼ ਬਦਲ ਕੇ) ਰਾਇ ਜਗਤ ਸੋਹੂ !

ਜਗਤ ਸਿੰਘ : ਜਹਾਨ ਪਨਾਹ !

ਵਜ਼ੀਰ ਖ਼ਾਂ : ਜੇ ਤੂੰ ਮਦਦ ਨਹੀਂ ਕੀਤੀ, ਫੇਰ ਗੜ੍ਹੀ ਗੁਰੂ ਦੇ ਕਬਜ਼ੇ ਵਿਚ ਕਿਸ ਤਰ੍ਹਾਂ ਚਲੀ ਗਈ ?

ਜਗਤ ਸਿੰਘ : ਸਰਕਾਰ, ਮੇਰੇ ਛੋਟੇ ਭਰਾ ਦੇ ਲਾਲਚ ਕਰ ਕੇ ।

ਵਜ਼ੀਰ ਖ਼ਾਂ : ਕਿਆ ਨਾਮ ਹੈ ਉਸ ਖ਼ਬੀਸ ਕਾ ।

ਜਗਤ ਸਿੰਘ : ਰੂਪ ਚੰਦ, ਹਜ਼ੂਰ ! ਉਸ ਦਾ ਹਵੇਲੀ ਵਿਚ ਅੱਧਾ ਹਿੱਸਾ ਸੀ ।

ਵਜ਼ੀਰ ਖ਼ਾਂ : ਕਿਆ ਲਾਲਚ ਦਿਤਾ ਗਿਆ ਉਸ ਨੂੰ ।

ਜਗਤ ਸਿੰਘ : ਸਿਰਫ਼ ਪੰਜਾਹ ਮੋਹਰਾਂ । ਮੈਂ ਤਾਂ ਰੋਪੜ ਲਾਗੇ ਤੁਹਾਨੂੰ ਇਤਲਾਹ ਦੇਣ ਲਈ ਦੌੜ ਗਿਆ ਸੀ ।

ਵਜ਼ੀਰ ਖ਼ਾਂ : ਸ਼ਾਬਾਸ਼ ! ਤੂੰ ਜੈ ਚੰਦ ਦਾ ਸੱਚਾ ਭਾਈ ਹੈਂ । ਤੈਨੂੰ ਆਲੀ ਜਾਹ ਤੋਂ ਖਿੱਲਤ ਦਿਲਵਾਈ ਜਾਏਗੀ । ਉਸ ਪ੍ਰਿਥਵੀ ਚੰਦ ਦੇ ਪੁੱਤਰ ਦੀ ਮੈਂ

ਚੰਗੀ ਤਰ੍ਹਾਂ ਖ਼ਬਰ ਲਵਾਂਗਾ। ਰਾਇ ਜਗਤ ਸੋਹੁ ਨੂੰ ਬਾ-ਇੱਜ਼ਤ ਸਰਹੰਦ ਪੁਚਾਇਆ ਜਾਵੇ।

ਨਿਗਰਾਨ : (ਝੁਕ ਕੇ) ਸਰਕਾਰ ਦੇ ਹੁਕਮ ਦੀ ਫ਼ੌਰਨ ਤਾਮੀਲ ਕੀਤੀ ਜਾਵੇਗੀ।

[ਜਗਤ ਸਿੰਘ ਨੂੰ ਲੈ ਜਾਂਦਾ ਹੈ।]

ਵਜ਼ੀਰ ਖ਼ਾਂ : ਦੂਜੇ ਮੁਲਜ਼ਮ ਨੂੰ ਫ਼ੌਰਨ ਪੇਸ਼ ਕਰੋ।

ਚੋਬਦਾਰ : ਰੂਪ ਚੰਦ ਹਾਜ਼ਿਰ ਹੈ, ਸਰਕਾਰ!

ਵਜ਼ੀਰ ਖ਼ਾਂ : ਕਿਉਂ ਬਦਜ਼ਾਤ, ਤੈਨੂੰ ਮੌਤ ਦਾ ਡਰ ਨਹੀਂ ਸੀ?

ਰੂਪ ਚੰਦ : ਚਮਕੌਰ ਦੀ ਲੜਾਈ ਦਾ ਸਾਕਾ ਵੇਖ ਕੇ ਪਸ਼ੂ-ਪੰਛੀਆਂ ਵਿਚ ਵੀ ਜਿਗਰਾ ਪੈਦਾ ਹੋ ਗਿਆ ਹੈ।

ਵਜ਼ੀਰ ਖ਼ਾਂ : (ਛੱਡੀ ਲੈ ਕੇ ਉਸ ਵਲ ਵਧਦਾ ਹੋਇਆ) ਗੋਇਆ ਤੂੰ ਆਪਣੀ ਕਰਤੂਤ ਉਤੇ ਫ਼ਖ਼ਰ ਕਰ ਰਿਹੈਂ?

ਰੂਪ ਚੰਦ : ਮੈਨੂੰ ਮੌਤ ਦਾ ਡਰ ਨਹੀਂ ਰਿਹਾ। ਸੂਰਮਗਤੀ ਦੇ ਇਸ ਸਾਕੇ ਨੂੰ ਦੇਖ ਕੇ ਮੇਰੀਆਂ ਰਗਾਂ ਵਿਚ ਖ਼ੂਨ ਖੌਲ ਪਿਆ ਹੈ।

[ਚੋਬਦਾਰ ਹੱਥੋਂ ਚਾਬਕ ਖੋਹ ਕੇ ਦੋ ਤਿੰਨ ਜੜ ਦਿੰਦਾ ਹੈ।]

ਵਜ਼ੀਰ ਖ਼ਾਂ : ਲੈ ਜਾਓ ਏਸ ਕੁੱਤੇ ਨੂੰ। ਜ਼ਮੀਨ ਵਿਚ ਗੱਡ ਕੇ ਕਾਵਾਂ ਕੁੱਤਿਆਂ ਤੋਂ ਤੁੜਾ ਕੇ ਮਾਰੋ। ਕਾਫ਼ਰਾਂ ਨੂੰ ਗ਼ਦਾਰੀ ਦਾ ਇਨਜਾਮ ਪਤਾ ਲਗ ਜਾਵੇ। (ਗੁੱਸੇ ਵਿਚ ਚੱਕਰ ਕਟਦਾ ਹੋਇਆ) ਹਦ ਹੋ ਗਈ! ਹਦ ਹੋ ਗਈ!!

[ਰੂਪ ਚੰਦ ਨੂੰ ਮਾਰਨ ਦੀ ਅਵਾਜ਼ ਆਉਂਦੀ ਹੈ।]

ਵਜ਼ੀਰ ਖ਼ਾਂ : ਮੈਨੂੰ ਯਕੀਨ ਹੁੰਦਾ ਜਾ ਰਿਹਾ ਹੈ, ਜ਼ਰੂਰ ਕਿਸੇ ਨਾਇਬ ਫ਼ੌਜਦਾਰ ਨੇ ਲਾਲਚ ਵਿਚ ਫਸ ਕੇ ਗੁਰੂ ਨੂੰ ਗੜ੍ਹੀ ਵਿਚੋਂ ਨਿਕਲਣ ਦੀ ਸ਼ਹਿ ਦਿਤੀ ਹੈ। (ਖ਼ਵਾਜਾ ਜ਼ੱਫ਼ਰ ਬੇਗ ਨੂੰ) ਇਰਦ-ਗਿਰਦ ਕਿਸੇ ਖ਼ੁਫ਼ੀਆ ਰਾਹ ਦੀ ਭਾਲ ਕੀਤੀ ਹੈ?

ਜ਼ੱਫ਼ਰ ਬੇਗ : ਹਾਂ ਜਹਾਨ ਪਨਾਹ, ਮਗਰ ਕੋਈ ਸੂਹ ਨਹੀ ਮਿਲੀ।

[ਦੂਰੋਂ ਮਾਰ ਕੁਟਾਈ ਅਤੇ 'ਧੰਨ ਗੁਰੂ' ਦੀ ਅਵਾਜ਼ ਸੁਣਾਈ ਦਿੰਦੀ ਹੈ।]

ਵਜ਼ੀਰ ਖ਼ਾਂ : ਮਲਊਨ ਦੀ ਜ਼ਬਾਨ ਬੰਦ ਕਰੋ। ਇਸ ਦਾ ਐਨਾ ਹੌਂਸਲਾ। ਮੈਂ

ਤਾਂ ਗੁੜ ਤਕ ਦਾ ਲਫ਼ਜ਼ ਬੋਲਣਾ ਮਨ੍ਹਾਂ ਕੀਤਾ ਹੋਇਆ ਹੈ। ਤੌਬਾ, ਤੌਬਾ! ਐਨੇ ਬੇਖੌਫ਼ ਨੇ ਇਹ ਲੋਕ! ਗੁਰੂ ਪਾਸ ਕਿਆ ਜਾਦੂ ਹੈ, ਮੁਰਦੇ ਲੋਕਾਂ ਵਿਚ ਰੂਹ ਫੂਕ ਦਿੱਤੀ ਹੈ। ਇਹ ਲੋਕ ਮੁਗ਼ਲਾਂ ਦੇ ਘੋੜਿਆਂ ਦੀ ਧੂੜ ਦੇਖ ਕੇ ਪਹਾੜਾਂ ਵਿਚ ਜਾ ਲੁਕਦੇ ਸਨ।

ਚੋਬਦਾਰ : (ਝੁਕ ਕੇ) ਹਜ਼ੂਰ, ਗ਼ਨੀ ਖ਼ਾਂ, ਹਾਜ਼ਿਰ ਹੈ।

ਵਜ਼ੀਰ ਖ਼ਾਂ : ਗ਼ਨੀ ਖ਼ਾਂ ਆਗੇ ਆਓ।

ਗ਼ਨੀ ਖ਼ਾਂ : (ਸਲਾਮ ਕਰ ਕੇ) ਗ਼ੁਲਾਮ ਹਾਜ਼ਰ ਹੈ।

ਵਜ਼ੀਰ ਖ਼ਾਂ : ਗਿਣ ਆਇਆ ਹੈਂ ਕਾਫ਼ਰਾਂ ਦੀਆਂ ਲਾਸ਼ਾਂ ?

ਗ਼ਨੀ ਖ਼ਾਂ : (ਝੁਕ ਕੇ) ਹਾਂ ਹਜ਼ੂਰ।

ਵਜ਼ੀਰ ਖ਼ਾਂ : ਕੁਲ ਕਿੰਨੀਆਂ ਲੋਥਾਂ ਮਿਲੀਆਂ ?

ਗ਼ਨੀ ਖ਼ਾਂ : ਸਰਕਾਰ, ਪੈਂਤੀ ਦੇ ਕਰੀਬ ਲਭ ਸਕੀਆਂ ਹੈਨ।

ਵਜ਼ੀਰ ਖ਼ਾਂ : ਕੁਲ ਪੈਂਤੀ ? ਬਾਕੀ ਕਿੱਧਰ ਗਈਆਂ ? ਗੜ੍ਹੀ ਵਿਚੋਂ ਕਿੰਨੀਆਂ ਲਾਸ਼ਾਂ ਮਿਲੀਆਂ ?

ਜ਼ੱਫ਼ਰ ਬੇਗ : ਸਿਰਫ਼ ਦੋ ਜਨਾਬ !

ਵਜ਼ੀਰ ਖ਼ਾਂ : (ਗੁੱਸੇ ਨਾਲ ਭੁੜਕ ਕੇ) ਸਿਰਫ਼ ਦੋ ! ਯਾਨੀ ਦੋ ਕਾਫ਼ਰਾਂ ਤੋਂ ਡਰਦੇ ਅਸੀਂ ਸਾਰੀ ਰਾਤ ਥਰ ਥਰ ਕੰਬਦੇ ਰਹੇ।

ਦਲੇਰ ਖ਼ਾਂ : ਜਨਾਬ, ਇਕ ਇਕ ਸਿੰਘ ਆਪਣੇ ਆਪ ਨੂੰ ਸਵਾ ਲਖ ਦੇ ਬਰਾਬਰ ਸਮਝਦਾ ਹੈ।

ਵਜ਼ੀਰ ਖ਼ਾਂ : (ਉਸ ਦੀ ਗੱਲ ਅਣਸੁਣੀ ਕਰਦਾ ਹੋਇਆ) ਪਰ ਅੱਧੀ ਰਾਤ ਨੂੰ ਧੌਂਸਾ ਵਜਣ ਵਕਤ ਬੇਸ਼ੁਮਾਰ ਸਿੱਖਾਂ ਦੇ ਜੈਕਾਰਿਆਂ ਦੀ ਆਵਾਜ਼ ਆਈ ਸੀ ?

ਦਲੇਰ ਖ਼ਾਂ : ਸ਼ਾਇਦ ਉਸ ਵਕਤ ਗੁਰੂ ਗੜ੍ਹੀ ਤੋਂ ਜਾਣ ਲਗੇ ਹੋਣ। ਸਿੱਖ ਹਰ ਕੰਮ ਕਰਨ ਤੋਂ ਪਹਿਲਾਂ ਰੱਬ ਤੋਂ ਦੁਆ ਮੰਗਦੇ ਹੈਨ, ਜਿਸ ਨੂੰ ਉਹ ਅਰਦਾਸ ਕਹਿੰਦੇ ਹੈਨ।

ਵਜ਼ੀਰ ਖ਼ਾਂ : ਇਸ ਦਾ ਮਤਲਬ ਸਾਨੂੰ ਲਲਕਾਰ ਕੇ ਗਏ ਹੈਨ। ਲਖ ਲਾਹਨਤ ਹੈ ਤੁਹਾਨੂੰ ਬੁਜ਼ਦਿਲੋ ! (ਮੱਥੇ ਤੇ ਹੱਥ ਮਾਰ ਕੇ) ਜੇ ਮੈਨੂੰ ਪਹਿਲਾਂ ਇਤਲਾਹ ਮਿਲ ਜਾਂਦੀ !

ਦਲੇਰ ਖ਼ਾਂ : ਜਨਾਬ, ਫੇਰ ਵੀ ਸ਼ਾਇਦ ਗੁਰੂ ਜੀਉਂਦੇ ਹੱਥ ਨਾ ਲਗਦੇ।

ਵਜ਼ੀਰ ਖ਼ਾਂ : ਜ਼ਰੂਰ ਕਾਬੂ ਆਉਂਦਾ, ਜੇ ਨਾਇਬ ਫ਼ੌਜਦਾਰ ਵਫ਼ਾਦਾਰ ਹੁੰਦੇ।

ਦਲੇਰ ਖ਼ਾਂ : ਜਨਾਬ, ਤੁਹਾਡੇ ਖ਼ੈਮੇ ਲਾਗੇ ਮੇਰੇ ਦੋਹਾਂ ਪਹਿਰੇਦਾਰਾਂ ਦੀਆਂ

ਉਗਾਹੀਆਂ ਮੈਂ ਖ਼ੁਦ ਲਾਈਆਂ ਹਨ। ਖ਼ੁਆਜਾ ਸਾਹਿਬ ਵੀ ਮੇਰੇ ਨਾਲ ਸਨ।

ਵਜ਼ੀਰ ਖ਼ਾਂ : ਕਿਉਂ ਜ਼ੱਫ਼ਰ ਬੇਗ ?

ਜ਼ੱਫ਼ਰ ਬੇਗ : ਹਜ਼ੂਰ ਦੇ ਹੁਕਮ ਦੀ ਤਾਮੀਲ ਕਰਨੀ ਜ਼ਰੂਰੀ ਸੀ।

ਵਜ਼ੀਰ ਖ਼ਾਂ : ਉਨ੍ਹਾਂ ਨੇ ਮਰਨ ਤੋਂ ਪਹਿਲਾਂ ਕਿਆ ਬਿਆਨ ਦਿੱਤਾ ?

ਦਲੇਰ ਖ਼ਾਂ : ਜਨਾਬ ਉਨ੍ਹਾਂ ਨੇ ਦਸਿਆ ਹੈ ਜੈਕਾਰੇ ਔਰ ਧੌਂਸੇ ਤੋਂ ਕਾਫ਼ੀ ਦੇਰ ਬਾਅਦ ਉਨ੍ਹਾਂ ਇਕ ਅਜੀਬ ਲਲਕਾਰ ਸੁਣੀ।

ਵਜ਼ੀਰ ਖ਼ਾਂ : ਕੈਸੀ ਲਲਕਾਰ !

ਦਲੇਰ ਖ਼ਾਂ : ਕੁਛ ਇਸ ਤਰ੍ਹਾਂ—"ਹਿੰਦ ਦਾ ਪੀਰ ਜਾ ਰਿਹਾ ਹੈ, ਆਓ ਫੜੋ ਜੇ ਕਿਸੇ ਵਿਚ ਹੈ ਹਿੰਮਤ।"

ਵਜ਼ੀਰ ਖ਼ਾਂ : ਉਨ੍ਹਾਂ ਪਹਿਰੇਦਾਰਾਂ ਨੇ ਬੰਦੂਕਾਂ ਕਿਉਂ ਨਾ ਚਲਾਈਆਂ ?

ਦਲੇਰ ਖ਼ਾਂ : ਜਨਾਬ, ਉਹ ਨਿਸ਼ਾਨੇ ਬੰਨ੍ਹ ਹੀ ਰਹੇ ਸਨ, ਜਦੋਂ ਤੀਰਾਂ ਨੇ ਉਨ੍ਹਾਂ ਨੂੰ ਘਾਇਲ ਕਰ ਦਿਤਾ।

ਵਜ਼ੀਰ ਖ਼ਾਂ : ਬੜੇ ਤੁਅੱਜਬ ਦੀ ਬਾਤ ਹੈ।

ਦਲੇਰ ਖ਼ਾਂ : ਜਨਾਬ, ਉਨ੍ਹਾਂ ਇਹ ਵੀ......

ਜ਼ੱਫ਼ਰ ਬੇਗ : (ਇਸ਼ਾਰੇ ਨਾਲ) ਰਹਿਣ ਦੇਹ......

ਵਜ਼ੀਰ ਖ਼ਾਂ : ਦੱਸੋ, ਦੱਸੋ ਕਿਆ ਰਾਜ਼ ਹੈ ?

ਦਲੇਰ ਖ਼ਾਂ : ਸਾਡੇ ਸਵਾਲ ਕਰਨ ਤੇ ਪਹਿਰੇਦਾਰਾਂ ਨੇ ਦਸਿਆ ਕਿ ਨਵਾਬ ਸਾਹਿਬ ਉਸ ਵਕਤ ਜਾਗਦੇ ਸਨ ਔਰ ਡਰ ਕੇ ਖ਼ੈਮੇ ਅੰਦਰ ਚਲੇ ਗਏ।

ਵਜ਼ੀਰ ਖ਼ਾਂ : ਗਲਤ ਹੈ, ਬਿਲਕੁਲ ਝੂਠ ! ਸਰਾਸਰ ਬਕਵਾਸ ਹੈ। ਇਹ ਲਫ਼ਜ਼ ਸ਼ਹਾਦਤ ਵਿਚੋਂ ਕਟ ਦਿਉ। ਮੈਨੂੰ ਕੋਈ ਇਲਮ ਨਹੀਂ। ਕਈ ਰਾਤਾਂ ਦਾ ਉਨੀਂਦਰਾ ਸੀ। ਆਖ਼ਰ ਇਨਸਾਨ ਹਾਂ, ਨੀਂਦਰ ਆ ਗਈ ਹੋਵੇਗੀ।

ਜ਼ੱਫ਼ਰ ਬੇਗ : ਜਨਾਬ, ਉਨ੍ਹਾਂ ਲਫ਼ਜ਼ਾਂ ਉਤੇ ਲਕੀਰ ਫੇਰ ਦਿੱਤੀ ਜਾਵੇਗੀ।

ਵਜ਼ੀਰ ਖ਼ਾਂ : ਲਲਕਾਰ ਸੁਣ ਕੇ ਕਿਸੇ ਸਿਪਾਹੀ ਜਾਂ ਨਾਇਬ ਦੀ ਹਿੰਮਤ ਨਾ ਪਈ।

ਜ਼ੱਫ਼ਰ ਬੇਗ : ਜਨਾਬ, ਕਾਫ਼ੀ ਹਫੜਾ-ਦਫੜੀ ਮੱਚੀ। ਘੁਪ ਹਨੇਰਾ ਸੀ। ਥੋੜ੍ਹਾ ਮੀਂਹ ਵਰ੍ਹ ਰਿਹਾ ਸੀ। ਕਾਫ਼ੀ ਦੌੜ-ਭਜ ਹੋਈ।

ਵਜ਼ੀਰ ਖ਼ਾਂ : ਜਾਨ ਬਚਾਣ ਲਈ ਯਾ ਗੁਰੂ ਨੂੰ ਫੜਨ ਲਈ ?

ਦਲੇਰ ਖ਼ਾਂ : ਨਵਾਬ ਸਾਹਿਬ, ਇਹ ਤਾ ਕੋਈ ਮੌਕੇ ਦਾ ਗਵਾਹ ਹੀ ਦਸ ਸਕਦਾ ਹੈ।

ਗ਼ਨੀ ਖ਼ਾਂ : ਹਜ਼ੂਰ ਇਸ ਤੋਂ ਵੀ ਤੁਅੱਜਬ ਦੀ ਗੱਲ ਇਕ ਹੋਰ ਹੋਈ ਹੈ।



ਚਮਕੌਰ ਦੀ ਗੜ੍ਹੀ ਦਾ ਇਕ ਹੋਰ ਦ੍ਰਿਸ਼

ਵਜ਼ੀਰ ਖ਼ਾਂ ਤ ਜੱਫ਼ਰ ਬੇਗ (ਓਮ ਪ੍ਰਕਾਸ਼ ਪੁਰੀ) ਗੜ੍ਹੀ ਦੇ ਮਾਲਕ ਰਾਏ ਰੂਪ ਲਾਲ ਕੋਲੋਂ ਭੇਦ ਕਢ ਰਹੇ ਹਨ ।

ਵਜ਼ੀਰ ਖ਼ਾਂ : ਸਾਰੇ ਵਾਕਿਆਤ ਹੀ ਸਾਨੂੰ ਜਗ-ਜਹਾਨ ਵਿਚ ਬੁੱਧੂ ਸਾਬਤ ਕਰਨ ਵਾਲੇ ਹੈਨ। ਉਹ ਕਿਆ ਹੈ ?

ਗ਼ਨੀ ਖ਼ਾਂ : ਕੁਛ ਲਾਸ਼ਾਂ ਉਤੇ ਚਿੱਟੇ ਚਾਦਰੇ ਤਣੇ ਹੋਏ ਸਨ।

ਵਜ਼ੀਰ ਖ਼ਾਂ : ਗ਼ਦਾਰੀ ਦਾ ਇਕ ਹੋਰ ਸਬੂਤ ! ਰਾਤੋ ਰਾਤ ਉਹ ਕੌਣ ਪਾ ਸਕਦਾ ਹੈ ?

ਜ਼ੱਫ਼ਰ ਬੇਗ : ਹੋ ਸਕਦਾ ਹੈ ਜਨਾਬ, ਗੁਰੂ ਦੇ ਨਾਲ ਦੇ ਸਿੰਘ ਇਹ ਕੰਮ ਕਰ ਗਏ ਹੋਣ।

ਵਜ਼ੀਰ ਖ਼ਾਂ : ਉਨ੍ਹਾਂ ਦਾ ਐਨਾ ਹੌਸਲਾ ਕਿਸ ਤਰ੍ਹਾਂ ਪੈ ਸਕਦਾ ਹੈ ?

ਦਲੇਰ ਖ਼ਾਂ : ਨਵਾਬ ਸਾਹਿਬ, ਤੁਸੀਂ ਭੁਲਦੇ ਓ, ਇਹ ਲੋਕ ਜਾਨ ਤਲੀ ਤੇ ਰੱਖੀ ਫਿਰਦੇ ਨੇ। ਮੌਤ ਨੂੰ ਇਹ ਤੁਛ ਸਮਝਦੇ ਨੇ। ਇਸ ਮਾਮਲੇ ਵਿਚ ਅਸੀਂ ਉਨ੍ਹਾਂ ਦਾ ਮੁਕਾਬਲਾ ਨਹੀਂ ਕਰ ਸਕਦੇ। ਸਾਡਾ ਪਿਛੋਂ ਕੌਣ ਰਖਵਾਲਾ ਹੈ। ਦਿਆਨਤਦਾਰੀ ਨਾਲ ਨੌਕਰੀ ਕਰਦਿਆਂ ਵੀ ਡਰ ਰਹਿੰਦਾ ਹੈ।

ਗ਼ਨੀ ਖ਼ਾਂ : ਸਰਕਾਰ ਇਸ ਮਾਮਲੇ ਵਿਚ ਇਕ ਸਿਪਾਹੀ ਫੜਿਆ ਗਿਆ ਹੈ।

ਵਜ਼ੀਰ ਖ਼ਾਂ : ਕਿਸ ਜੁਰਮ ਬਦਲੇ ?

ਗ਼ਨੀ ਖ਼ਾਂ : ਸਿੰਘਾਂ ਦੀਆਂ ਲਾਸ਼ਾਂ ਉਤੇ ਚਾਦਰਾਂ ਪਾਉਂਦਿਆਂ।

ਵਜ਼ੀਰ ਖ਼ਾਂ : ਕਿਸ ਵਕਤ ?

ਗ਼ਨੀ ਖ਼ਾਂ : ਹਜ਼ੂਰ, ਸਵੇਰੇ ਮੂੰਹ ਹਨੇਰੇ।

ਵਜ਼ੀਰ ਖ਼ਾਂ : ਉਸ ਨੂੰ ਪੇਸ਼ ਕਰੋ। ਮਲੂਮ ਹੁੰਦਾ ਹੈ ਆਸ ਪਾਸ ਗੁਰੂ ਦੇ ਪੈਰੋਕਾਰਾਂ ਦੀ ਗਿਣਤੀ ਕਾਫ਼ੀ ਹੈ।

ਜ਼ੱਫ਼ਰ ਬੇਗ : ਗੁਰੂ ਦੇ ਪੈਰੋਕਾਰ ਸਾਰੇ ਪੰਜਾਬ ਵਿਚ ਖਿੰਡਰੇ ਹੋਏ ਹਨ।

ਗ਼ਨੀ ਖ਼ਾਂ : ਜਹਾਂ ਪਨਾਹ, ਮੁਜਰਮ ਹਾਜ਼ਿਰ ਹੈ।

ਵਜ਼ੀਰ ਖ਼ਾਂ : ਕਿਉਂ ਓਇ ਕਮਜ਼ਾਤ ਚਾਦਰਾਂ ਤੂੰ ਪਾਈਆਂ ਸਨ ?

ਸਿਪਾਹੀ : ਹਾਂ ਜਨਾਬ !

ਵਜ਼ੀਰ ਖ਼ਾਂ : ਉਹ ਚਾਦਰਾਂ ਕਿਥੋਂ ਲਈਆਂ ਸਨ ?

ਸਿਪਾਹੀ : (ਬਿਨਾਂ ਡਰ ਭਉ ਦੇ) ਉਨ੍ਹਾਂ ਦੇ ਲੱਕਾਂ ਨਾਲ ਬੱਧੀਆਂ ਹੋਈਆਂ ਸਨ।

ਗ਼ਨੀ ਖ਼ਾਂ : ਜਨਾਬ ਸਰਾਸਰ ਝੂਠ। ਉਹ ਬਿਲਕੁਲ ਕੋਰੀਆਂ ਸਨ।

ਵਜ਼ੀਰ ਖ਼ਾਂ : ਇਹ ਹਰਕਤ ਕਰਨ ਦਾ ਤੇਰਾ ਹੌਸਲਾ ਕਿੱਦਾਂ ਪਿਆ ! ਤੈਨੂੰ ਕਿਸੇ ਦਾ ਖ਼ੌਫ਼ ਨਹੀਂ ਸੀ ?

ਸਿਪਾਹੀ : ਮੌਤ ਤੋਂ ਬਾਅਦ ਹਰ ਬਹਾਦਰ ਦੀ ਕਦਰ ਕੀਤੀ ਜਾਂਦੀ ਹੈ; ਮੈਦਾਨੇ ਜੰਗ ਦਾ ਪੁਰਾਣਾ ਦਸਤੂਰ ਹੈ। ਮੈਂ ਉਨ੍ਹਾਂ ਅਤੇ ਸਾਹਿਬਜ਼ਾਦਿਆਂ

ਨੂੰ ਬਹਾਦਰੀ ਨਾਲ ਲੜਦਿਆਂ ਦੇਖਿਆ ਸੀ। ਆਹ, ਕਿਸ ਆਨ-ਸ਼ਾਨ ਨਾਲ ਦੋਵੇਂ ਸਾਹਿਬਜ਼ਾਦੇ ਵਾਰੋ ਵਾਰੀ ਗੜ੍ਹੀ ਚੋਂ ਨਿਕਲੇ, ਜਿਵੇਂ ਲਾੜਾ ਘੋੜੀ ਚੜ੍ਹ ਕੇ ਜਾਂਦਾ ਹੁੰਦਾ ਹੈ। ਨਵਾਬ ਸਾਹਿਬ, ਮੇਰਾ ਯਕੀਨ ਸੀ, ਤੁਸੀਂ ਇਸ ਅਮਲ ਨੂੰ ਪਸੰਦ ਕਰੋਗੇ।

ਵਜ਼ੀਰ ਖ਼ਾਂ : ਕੀ ਤੂੰ ਸਾਹਿਬਜ਼ਾਦਿਆਂ ਨੂੰ ਪਛਾਣ ਸਕਦਾਂ ?

ਸਿਪਾਹੀ : ਜਨਾਬ, ਪਛਾਣ ਤਾਂ ਸਕਦਾ ਸਾਂ, ਪਰ ਉਹ ਕਲ ਹੈਸਨ, ਅਜ ਨਹੀਂ ਰਹੇ।

ਵਜ਼ੀਰ ਖ਼ਾਂ : ਹੋਰ ਤੂੰ ਕਿਸ ਦੀਆਂ ਲਾਸ਼ਾਂ ਪਛਾਣ ਸਕਦਾਂ ?

ਸਿਪਾਹੀ : ਗੁਰੂ ਦੇ ਤਿੰਨ ਪਿਆਰਿਆਂ ਦੀਆਂ।

ਵਜ਼ੀਰ ਖ਼ਾਂ : (ਸ਼ਕ ਨਾਲ ਉਸ ਵਲ ਵੇਖ ਕੇ) ਤੂੰ ਉਨ੍ਹਾਂ ਨੂੰ ਕੈਸੇ ਜਾਣਦਾ ਹੈਂ ?

ਸਿਪਾਹੀ : ਜਨਾਬ, ਚੇਹਰੇ ਦੇ ਜਲਾਲ ਤੋਂ। ਨਿਰਾਲੀ ਸ਼ਾਨ ਤੋਂ।

ਵਜ਼ੀਰ ਖ਼ਾਂ : ਇਸ ਦੀ ਗੱਲ ਤੋਂ ਇਕ ਰਾਜ਼ ਜ਼ਾਹਰ ਹੁੰਦਾ ਹੈ ਕਿ ਦੋ ਪਿਆਰੇ ਗੁਰੂ ਦੇ ਨਾਲ ਗਏ ਹੈਨ। ਤਿੰਨਾਂ ਸ਼ਖਸਾਂ ਦਾ ਖੁਰਾ ਢੂੰਡਣਾ ਕੋਈ ਮੁਸ਼ਕਲ ਕੰਮ ਨਹੀ !

ਗ਼ਨੀ ਖ਼ਾਂ : (ਕੰਨ ਵਿਚ ਹੌਲੀ) ਹਜ਼ੂਰ, ਮੈਨੂੰ ਇਹ ਸਿਪਾਹੀ ਦੁਸ਼ਮਣ ਦਾ ਜਾਸੂਸ ਲਗਦਾ ਹੈ।

ਵਜ਼ੀਰ ਖ਼ਾਂ : (ਸ਼ਕ ਨਾਲ ਉਸ ਵਲ ਦੇਖਦਾ ਹਾਇਆ) ਕਿਆ ਸਬੂਤ ਹੈ, ਜਲਦੀ ਬੋਲ। (ਕੁਝ ਤਾੜ ਕੇ) ਇਕ ਦੂਜੇ ਦੇ ਮੂੰਹ ਵਲ ਕਿਆ ਦੇਖਦੇ ਹੋ। ਕਿਆ ਰਾਜ਼ ਹੈ ?

ਗਨੀ ਖ਼ਾਂ : ਜਨਾਬ, ਇਸ ਨਾਲ ਇਕ ਸਿਖ ਲੜਕੀ ਵੀ ਸੀ।

ਵਜ਼ੀਰ ਖ਼ਾਂ : ਕਿਆ ਕਹਾ, ਸਿਖ ਲੜਕੀ ਮੈਦਾਨੇ ਜੰਗ ਵਿਚ !

ਦਲੇਰ ਖ਼ਾਂ : ਨਵਾਬ ਸਾਹਿਬ, ਇਨ੍ਹਾਂ ਦੀਆਂ ਔਰਤਾਂ ਵੀ ਮਰਦਾਂ ਵਾਂਗ ਬਹਾਦਰ ਨੇ। ਆਪਣੇ ਦੀਨ ਖ਼ਾਤਰ ਮਰ ਮਿਟਣ ਲਈ ਤਿਆਰ ਰਹਿੰਦੀਆਂ ਨੇ।

ਵਜ਼ੀਰ ਖ਼ਾਂ : ਤੂੰ ਪਹਿਲਾਂ ਕਿਉਂ ਨਹੀਂ ਦਸਿਆ ?

ਗ਼ਨੀ ਖ਼ਾਂ : ਮੈਂ ਦੋ ਦਫ਼ਾ ਦਸਣ ਦੀ ਕੋਸ਼ਿਸ਼ ਕੀਤੀ ਸੀ, ਹਜ਼ੂਰ ਨੇ ਬੋਲਣ ਦਾ ਮੌਕਾ ਨਹੀਂ ਦਿੱਤਾ।

ਜ਼ੱਫ਼ਰ ਬੇਗ : ਜਨਾਬ, ਇਹ ਸਚਮੁਚ ਕਾਫ਼ਰ ਲੜਕਾ ਲਗਦਾ ਹੈ।

[ਸਾਰੇ ਉਸ ਵਲ ਗਹੁ ਨਾਲ ਵੇਖਦੇ ਹਨ।]

ਵਜ਼ੀਰ ਖ਼ਾਂ : ਇਸ ਨੂੰ ਖ਼ੈਮੇ ਵਿਚ ਲਿਜਾ ਕੇ ਪੜਤਾਲ ਕਰੋ। ਔਰ ਲੜਕੀ ਨੂੰ ਫ਼ੌਰਨ ਪੇਸ਼ ਕਰੋ।

ਚੋਬਦਾਰ : ਹਜ਼ੂਰ, ਮੁਲਜ਼ਿਮਾ ਹਾਜ਼ਿਰ ਹੈ।

ਵਜ਼ੀਰ ਖ਼ਾਂ : ਇਸ ਦਾ ਕਿਆ ਜੁਰਮ ਹੈ ?

ਗ਼ਨੀ ਖ਼ਾਂ : ਹਜ਼ੂਰ, ਇਹ ਕੁਛ ਲਾਸ਼ਾਂ ਨੂੰ ਅੱਗ ਦੀ ਨਜ਼ਰ ਕਰ ਰਹੀ ਸੀ।

ਵਜ਼ੀਰ ਖ਼ਾਂ : ਲੜਕੀ, ਉਹ ਕਿਸ ਦੀਆਂ ਲਾਸ਼ਾਂ ਸਨ ?

ਲੜਕੀ : ਦੋ ਸਾਹਿਬਜ਼ਾਦਿਆਂ ਤੇ ਤਿੰਨ ਗੁਰੂ ਦੇ ਪਿਆਰਿਆਂ ਦੀਆਂ।

ਵਜ਼ੀਰ ਖ਼ਾਂ : ਤੇਰੇ ਨਾਲ ਹੋਰ ਕੌਣ ਸੀ ?

ਲੜਕੀ : ਮੇਰੇ ਭਰਾ।

ਵਜ਼ੀਰ ਖ਼ਾਂ : (ਹੱਥ ਮਲਦਾ ਹੋਇਆ) ਗੋਇਆ ਗੁਰੂ ਦੇ ਲੜਕਿਆਂ ਦਾ ਵੀ ਇਹ ਖੁਰਾ-ਖੋਜ ਮਿਟਾ ਚੁਕੀ ਹੈ। ਨਿਹਾਇਤ ਬੁਰੀ ਬਾਤ ਹੈ।

ਲੜਕੀ : ਤੁਹਾਡੇ ਲਈ ਜ਼ਰੂਰ ਬੁਰੀ ਹੋਵੇਗੀ, ਪਰ ਮੈਂ ਆਪਣਾ ਧਰਮ ਪਾਲਿਆ ਹੈ।

ਵਜ਼ੀਰ ਖ਼ਾਂ : (ਦਿਲਚਸਪੀ ਨਾਲ ਦੇਖ ਕੇ) ਸਚੀ, ਦਲੇਰ ਔਰ ਖ਼ੂਬਸੂਰਤ ਛੋਕਰੀ ਹੈ। ਚੋਬਦਾਰ !

ਚੋਬਦਾਰ : (ਝੁਕ ਕੇ) ਹੁਕਮ ਸਰਕਾਰ !

ਵਜ਼ੀਰ ਖ਼ਾਂ : ਇਸ ਲੜਕੀ ਨੂੰ ਮੇਰੇ ਖ਼ੈਮੇ ਵਿਚ ਦਾਖ਼ਿਲ ਕਰੋ। ਮੈਂ ਖ਼ੁਦ ਹੀ ਤਫ਼ਤੀਸ਼ ਕਰਾਂਗਾ। ਇਸ ਦੀ ਜਾਨ ਬਖ਼ਸ਼ੀ ਹੋ ਸਕਦੀ ਹੈ।

ਲੜਕੀ : ਦੁਸ਼ਟਾ, ਮੈਨੂੰ ਤੇਰੇ ਰਹਿਮ ਦੀ ਲੋੜ ਨਹੀਂ।

ਵਜ਼ੀਰ ਖ਼ਾਂ : ਮਗਰ ਸਾਨੂੰ ਤਾਂ ਤੇਰੀ ਜ਼ਰੂਰਤ ਹੈ।

ਲੜਕੀ : ਮੱਕਾਰ, ਡਰਪੋਕ, ਯੁਧ ਹਾਰ ਕੇ ਹੁਣ ਆਪਣੀ ਬਹਾਦਰੀ ਦਿਖਾਣ ਲੱਗਾ ਹੈਂ ?

ਵਜ਼ੀਰ ਖ਼ਾਂ : ਮੈਨੂੰ ਤੇਰੇ ਹੁਸਨ ਔਰ ਜਵਾਨੀ ਤੇ ਰਹਿਮ ਆ ਰਿਹਾ ਹੈ।

ਲੜਕੀ : ਮੈਨੂੰ ਤੇਰਾ ਭ੍ਰਿਸ਼ਟ ਤੇ ਮਨਹੂਸ ਚਿਹਰਾ ਦੇਖ ਕੇ ਕੁਰਹਿਤ ਆ ਰਹੀ ਹੈ।

ਵਜ਼ੀਰ ਖ਼ਾਂ : ਹੁਸੀਨਾ, ਜ਼ਬਾਨ ਬੰਦ ਕਰੋ।

ਲੜਕੀ : ਧੋਖੇਬਾਜ਼, ਤੂੰ ਝੂਠੀਆਂ ਕਸਮਾਂ ਖਾ ਕੇ ਗੁਰੂ ਜੀ ਨੂੰ ਕਿਲ੍ਹਾ ਛੱਡਣ ਲਈ ਪਹਿਲਾਂ ਤਰਲੇ ਕੀਤੇ, ਪਿਛੋਂ ਨੀਚਾਂ ਵਾਂਗ ਹੱਲਾ ਬੋਲ ਦਿੱਤਾ।

ਵਜ਼ੀਰ ਖ਼ਾਂ : ਚੁਪ ਰਹੁ, ਮੈਨੂੰ ਗੁੱਸਾ ਨਾ ਚੜ੍ਹਾ।

ਲੜਕੀ : ਮੈਨੂੰ ਤੇਰਾ ਕੋਈ ਡਰ ਨਹੀਂ। (ਗਾਤਰੇ ਵਿਚ ਤਲਵਾਰ ਨੂੰ ਹੱਥ ਪਾ ਕੇ) ਸਿੰਘ ਇਕੋ ਵਾਰ ਸ਼ੇਰਾਂ ਦੀ ਮੌਤ ਮਰਦੇ ਨੇ।

ਵਜ਼ੀਰ ਖ਼ਾਂ : ਛੋਕਰੀ, ਤੂੰ ਤਾਂ ਮੈਨੂੰ ਅੱਖਾਂ ਨਾਲ ਹੀ ਘਾਇਲ ਕਰ ਦਿੱਤਾ ਹੈ, ਤਲਵਾਰ ਦਿਖਾਣ ਦੀ ਕੀ ਲੋੜ ਹੈ ?

ਲੜਕੀ : ਨੀਚਾ, ਇਹ ਗੱਲਾਂ ਕਿਸੇ ਹੋਰ ਨੂੰ ਆਖੀਂ। ਸਿੰਘਾਂ ਦੇ ਤੈਨੂੰ ਅਜੇ ਹੱਥ ਨਹੀਂ ਲਗੇ ?

ਵਜ਼ੀਰ ਖ਼ਾਂ : (ਗੁੱਸੇ ਨਾਲ) ਬਦਜ਼ਾਤ, ਵਧਦੀ ਹੀ ਜਾਂਦੀ ਹੈ। ਮੈਂ ਔਰਤ ਜ਼ਾਤ ਜਾਣ ਕੇ ਲਿਹਾਜ਼ ਕਰ ਰਿਹਾਂ।

ਲੜਕੀ : ਦੁਸ਼ਟਾ, ਤੂੰ ਔਰਤਾਂ ਨਾਲ ਲਿਹਾਜ਼ ਕੀਤੀ ਹੈ। ਕਿਲ੍ਹਾ ਆਨੰਦਗੜ੍ਹ ਛੱਡਣ ਸਮੇਂ ਕਿੰਨੀਆਂ ਬਜ਼ੁਰਗ ਔਰਤਾਂ ਸਨ—ਮਾਤਾ ਗੁਜਰੀ, ਮਾਤਾ ਸੁੰਦਰੀ, ਮਾਤਾ ਸਾਹਿਬ ਕੌਰ—

ਵਜ਼ੀਰ ਖ਼ਾਂ : ਮੈਂ ਅਜੇ ਵੀ ਤੇਰੀ ਜਾਨ-ਬਖ਼ਸ਼ੀ ਕਰ ਸਕਦਾ ਹਾਂ, ਸਿਰਫ਼ ਇਕ ਸ਼ਰਤ ਤੇ।

ਲੜਕੀ : ਮੈਂ ਤੇਰੀ ਰਹਿਮ-ਦਿਲੀ ਤੇ ਥੁਕਦੀ ਤਕ ਨਹੀਂ। ਧੋਖੇਬਾਜ਼, ਪਿਠ ਪਿਛੇ ਹੁਣ ਤੂੰ ਫੜਾਂ ਮਾਰ ਰਿਹੈਂ।

ਵਜ਼ੀਰ ਖ਼ਾਂ : ਲੈ ਜਾਓ ਏਸ ਕਮਜ਼ਾਤ ਨੂੰ। ਉਸੇ ਅੱਗ ਵਿਚ ਇਸ ਨੂੰ ਸਾੜੋ, ਜਿਸ ਵਿਚ ਇਸ ਨੇ ਲਾਸ਼ਾਂ ਫੂਕੀਆਂ ਹੈਨ।

[ਉਸ ਨੂੰ ਤਲਵਾਰਾਂ ਦੀਆਂ ਨੋਕਾਂ ਤੇ ਲੈ ਜਾਂਦੇ ਹਨ।]

ਲੜਕੀ : ਜ਼ਾਲਮਾ, ਮੈਨੂੰ ਮੌਤ ਦਾ ਕੋਈ ਡਰ ਨਹੀਂ, ਪਰ ਤੇਰੇ ਪਾਪ ਤੈਨੂੰ ਲੰਮੇ ਹੱਥੀਂ ਲੈਣਗੇ।

ਵਜ਼ੀਰ ਖ਼ਾਂ : (ਗੁੱਸੇ ਨਾਲ ਚੱਕਰ ਕੱਟਦਾ ਹੋਇਆ) ਤੋਬਾ ! ਤੋਬਾ !! ਇਹ ਲੋਕ ਕਿਸ ਮਿੱਟੀ ਦੇ ਬਣੇ ਹੋਏ ਨੇ। ਐਨੇ ਬੇਖ਼ੌਫ਼ !

ਗਨੀ ਖ਼ਾਂ : ਹਜ਼ੂਰ, ਸਿਪਾਹੀ ਦੇ ਭੇਸ ਵਿਚ ਉਹ ਲੜਕਾ ਕਾਫ਼ਰ ਹੀ ਸੀ।

ਜ਼ੱਫ਼ਰ ਬੇਗ : ਉਹ ਲੜਕੀ ਖ਼ੁਦ ਦਸ ਗਈ ਹੈ.

[ਦੂਰੋਂ ਜੈਕਾਰੇ 'ਸਤਿ ਸ੍ਰੀ ਅਕਾਲ' ਦੀ ਅਵਾਜ਼ ਆਉਂਦੀ ਹੈ।]

ਵਜ਼ੀਰ ਖ਼ਾਂ : (ਕੰਨਾਂ ਤੇ ਹੱਥ ਰਖ ਕੇ) ਬੰਦ ਕਰੋ ਇਹ ਆਵਾਜ਼ ! ਮੇਰਾ ਗੁੱਸਾ ਬੇਕਾਬੂ ਹੋ ਰਿਹਾ ਹੈ।

ਚੋਬਦਾਰ : ਜਹਾਨ ਪਨਾਹ, ਸ਼ਾਹੀ ਖੋਜੀ ਹਾਜ਼ਿਰ ਹੈ।

ਵਜ਼ੀਰ ਖ਼ਾਂ : ਫੇਰ ਪੇਸ਼ ਕਿਉਂ ਨਹੀਂ ਕਰਦੇ ?

ਖੋਜੀ : ਹਾਜ਼ਿਰ ਹਾਂ ਸਰਕਾਰ, ਤੇਰੇ ਬੱਚੇ ਜੀਉਣ।

ਵਜ਼ੀਰ ਖ਼ਾਂ : ਕਿਆ ਭੇਦ ਕੱਢਿਆ ਹੈ ਤੂੰ ?

ਖੋਜੀ : ਅੱਲਾ ਤੈਨੂੰ ਸਲਾਮਤ ਰੱਖੇ, ਮੈਂ ਕਈ ਕੋਹਾਂ ਤਕ ਪੈੜ ਨਪੀ ਕੱਢੀ ਆ ।

ਵਜ਼ੀਰ ਖ਼ਾਂ : ਫੇਰ ਮੁੜ ਕੇ ਕਿਉਂ ਆਇਆਂ ?

ਖੋਜੀ : (ਹੈਰਾਨ ਹੋ ਕੇ) ਸਰਕਾਰ ਦਾ ਹੁਕਮ ਜੋ ਪੁਜਾ ਸੈ ।

ਵਜ਼ੀਰ ਖ਼ਾਂ : ਬਾਕੀ ਦੇ ਖੋਜੀ ਕਿਥੇ ਹੈਨ ?

ਖੋਜੀ : ਅੰਨ-ਦਾਤਾ, ਉਹ ਖੁਰਾ ਨੱਪੀ ਹਗੇ ਹਗੇ ਲਗੇ ਜਾਂਦੇ ਪਏ ਨੇ ।

ਵਜ਼ੀਰ ਖ਼ਾਂ : ਖੁਰਾ ਕਿੰਨੇ ਬੰਦਿਆਂ ਦਾ ਹੈ ?

ਖੋਜੀ : ਪਹਿਲਾਂ ਤਾਂ ਕੱਲੇ ਕੱਲੇ ਜਣੇ ਦਾ ਸੀ, ਪਰ ਦੂਰ ਪਰ੍ਹਾਂ ਜਾ ਕੇ ਚਹੁੰ ਜਣਿਆਂ ਦਾ ਰਲ ਗਿਆ ।

ਵਜ਼ੀਰ ਖ਼ਾਂ : ਚਾਰ ਸ਼ਖ਼ਸ਼ ਕੌਣ ਕੌਣ ਹੋਏ ?

ਖੋਜੀ : ਸਾਡਾ ਤਾਂ ਮਾਈ ਬਾਪ ਸਾਰੀ ਉਮਰ ਹਾਹ ਧੰਦਾ ਕਰਦਿਆਂ ਦੀ ਗੁਜਰੀ ਆ । ਐਹੋ ਜਹੇ ਦਲਾਵਰ ਭਗੌੜੇ ਨਹੀਂ ਤੱਕੇ । ਬਗ਼ੈਰ ਡਰ ਭਉ ਤੋਂ ਟਹਿਲਦੇ ਜਾਂਦੇ ਲਭੇ ਐ ਅਸਾਂ ਤੇ ।

ਵਜ਼ੀਰ ਖ਼ਾਂ : ਖੁਰਾ ਕਿਸ ਪਾਸੇ ਵਲ ਨੂੰ ਗਿਆ ਹੈ ?

ਖੋ : ਅੰਨ-ਦਾਤਾ, ਜੰਡਸਰ ਤੋਂ ਹੁੰਦਾ ਹੋਇਆ ਕੀੜੀ ਪਿੰਡ ਕੋਲੋਂ ਦੀ ਲੰਘਿਆ । ਕੀੜੀ ਪਿੰਡ ਤੋਂ ਅਗੇ ਪੌਂਵਾਤ ਪੁੱਜਾ । ਅਗੋਂ ਮਾਛੀਵਾੜੇ ਦੇ ਜੰਗਲ ਵਲ ਚਲਾ ਗਿਆ ।

ਵਜ਼ੀਰ ਖ਼ਾਂ : ਹੈਂ ! ਮਾਛੀਵਾੜੇ ਦੇ ਜੰਗਲ ਵਿਚ ! ਖ਼ੁਆਜਾ ਜ਼ੱਫ਼ਰ ਬੇਗ, ਤੂੰ ਫ਼ੌਰਨ ਜੰਗਲ ਨੂੰ ਚੌਹਾਂ ਪਾਸਿਆਂ ਤੋਂ ਘੇਰਾ ਪਾ ਲੈ । (ਦਲੇਰ ਖ਼ਾਂ ਨੂੰ ਲਾ ਕੇ) ਤੇਰੀ ਵਫ਼ਾਦਾਰੀ ਉਤੇ ਮੈਨੂੰ ਪੂਰਾ ਯਕੀਨ ਹੈ ।

ਜ਼ੱਫ਼ਰ ਬੇਗ : ਜੋ ਹੁਕਮ ਸਰਕਾਰ ਦਾ ।

[ਸਲਾਮ ਕਰ ਕੇ ਜਾਣ ਲਗਦਾ ਹੈ ।]

ਵਜ਼ੀਰ ਖ਼ਾਂ : ਜ਼ਰਾ ਠਹਿਰੋ ।

ਜ਼ੱਫ਼ਰ ਬੇਗ : ਹਜ਼ੂਰ !

ਵਜ਼ੀਰ ਖ਼ਾਂ : ਸਾਰੇ ਇਲਾਕੇ ਵਿਚ ਢੰਡੋਰਾ ਪਿਟਵਾ ਦਿਓ, ਜਿਹੜਾ ਸ਼ਖ਼ਸ਼ ਗੁਰੂ ਨੂੰ ਪਨਾਹ ਦੇਵੇਗਾ, ਉਸ ਦਾ ਘਾਣ ਬੱਚਾ ਪੀੜ ਦਿੱਤਾ ਜਾਵੇਗਾ । ਜਿਹੜਾ ਗੁਰੂ ਦੇ ਥਾਂ-ਟਿਕਾਣੇ ਦੀ ਸੂਹ ਦੇਵੇਗਾ, ਉਸ ਨੂੰ ਮਾਲਾ ਮਾਲ ਕਰ ਦਿੱਤਾ ਜਾਵੇਗਾ । ਔਰ ਜੋ ਗੁਰੂ ਨੂੰ ਜ਼ਿੰਦਾ ਗ੍ਰਿਫ਼ਤਾਰ ਕਰਾਉਣ ਵਿਚ ਮਦਦ ਕਰੇਗਾ, ਉਸ ਦੀਆਂ ਕੁਲਾਂ ਤਾਰ ਦਿਤੀਆਂ ਜਾਣਗੀਆਂ । ਸ਼ਹਿਨਸ਼ਾਹ ਤੋਂ ਖ਼ਿੱਲਤ ਅਲਹਿਦਾ ਮਿਲੇਗੀ ।

[ਖ਼ੁਆਜਾ ਜ਼ੱਫ਼ਰ ਬੇਗ ਸਲਾਮ ਕਰ ਕੇ ਜਾਂਦਾ ਹੈ । ਵਜ਼ੀਰ ਖ਼ਾਂ ਅਤੀ ਪਰੇਸ਼ਾਨੀ ਵਿਚ ਘੁੰਮਦਾ ਹੈ ।]

ਵਜ਼ੀਰ ਖ਼ਾਂ : ਖ਼ਾਕ ਜ਼ਿੰਦਗੀ ਹੈ । ਹਰ ਵਕਤ ਪਰੇਸ਼ਾਨੀ, ਹਰ ਘੜੀ ਬੇਆਰਾਮੀ । ਕਈ ਮਹੀਨੇ ਸਖ਼ਤ ਨਮੋਸ਼ੀ ਵਿਚ ਗੁਜ਼ਰੇ ਹੈਨ । ਫੇਰ ਬਦਨਾਮੀ ਅਲਹਿਦਾ ।

ਦਲੇਰ ਖ਼ਾਂ : ਨਵਾਬ ਸਾਹਿਬ, ਅਜੇ ਕੁਛ ਨਹੀਂ ਵਿਗੜਿਆ । ਜੰਗ ਝੜਪਾਂ ਤੋਂ ਨਹੀਂ, ਨਤੀਜੇ ਤੋਂ ਪਛਾਣੀ ਜਾਂਦੀ ਹੈ । ਜੇ ਹੁਣ ਵੀ ਗੁਰੂ ਜ਼ਿੰਦਾ ਪਕੜਿਆ ਜਾਵੇ ਤਾਂ ਸਾਰੇ ਧੋਣੇ ਧੋਤੇ ਜਾ ਸਕਦੇ ਹੈਨ ।

ਵਜ਼ੀਰ ਖ਼ਾਂ : ਮੈਨੂੰ ਬਹੁਤ ਘਟ ਉਮੀਦ ਹੈ ।

ਦਲੇਰ ਖ਼ਾਂ : ਐਨੇ ਮਾਯੂਸ ਹੋਣ ਦੀ ਲੋੜ ਨਹੀਂ ।

ਵਜ਼ੀਰ ਖ਼ਾਂ : ਜਿਸ ਨੂੰ ਅਸੀਂ ਗੜ੍ਹੀ ਵਿਚ ਕਾਬੂ ਨਹੀਂ ਕਰ ਸਕੇ ਉਸ ਨੂੰ ਜੰਗਲ ਵਿਚ ਕਿਸ ਤਰ੍ਹਾਂ ਫੜ ਸਕਦੇ ਹਾਂ । ਸਾਹਿਬਜ਼ਾਦਿਆਂ ਦੀਆਂ ਲਾਸ਼ਾਂ ਤਕ ਸਾਡੇ ਹੱਥ ਨਹੀਂ ਲੱਗੀਆਂ।

ਦਲੇਰ ਖ਼ਾਂ : ਦਰੁੱਸਤ ਹੈ, ਜੰਗਲ ਵਿਚ ਸ਼ੇਰ ਨੂੰ ਘੇਰਨਾ ਨਹਾਇਤ ਮੁਸ਼ਕਲ ਔਰ ਖ਼ਤਰਨਾਕ ਹੁੰਦਾ ਹੈ ।

ਵਜ਼ੀਰ ਖ਼ਾਂ : (ਜਿਵੇਂ ਜਾਗਿਆ ਹੁੰਦਾ ਹੈ) ਕਿਆ ਬਕਿਆ ਹੈ ਤੂੰ । ਮੈਂ ਗੁਰੂ ਨੂੰ ਜ਼ਿੰਦਾ ਗ੍ਰਿਫ਼ਤਾਰ ਕਰ ਕੇ ਸਾਹ ਲਵਾਂਗਾ । ਮੇਰਾ ਨਾਮ ਵਜ਼ੀਰ ਖ਼ਾਂ ਹੈ, ਮੈਂ ਸੂਬਾ ਸਰਹੰਦ ਦਾ ਫ਼ੌਜਦਾਰ ਹਾਂ । ਮੇਰੇ ਨਾਂ ਤੋਂ ਲੋਕੀ ਥਰ ਥਰ ਕੰਬਦੇ ਨੇ । ਮੇਰੀਆਂ ਬਾਹਾਂ ਬਹੁਤ ਲੰਮੀਆਂ ਹੈਨ । ਮੈਂ ਸਾਰੇ ਪੰਜਾਬ ਵਿਚ ਫ਼ੌਜ ਦਾ ਜਾਲ ਵਿਛਾ ਦਿਆਂਗਾ ।

ਚੋਬਦਾਰ : ਹਜ਼ੂਰ, ਉਹ ਖ਼ਬਰ-ਰਸਾਇਨ ਦੌੜਾ ਆ ਰਿਹਾ ਹੈ ।

ਵਜ਼ੀਰ ਖ਼ਾਂ : (ਖ਼ੁਸ਼ੀ ਨਾਲ) ਜ਼ਰੂਰ ਗੁਰੂ ਗ੍ਰਿਫ਼ਤਾਰ ਹੋ ਗਿਆ ਹੋਵੇਗਾ । ਕਿਸ ਤਰ੍ਹਾਂ ਉੜਿਆ ਆ ਰਿਹਾ ਹੈ । ਆਸਾਂ-ਉਮੀਦਾਂ ਦੀ ਬਦਲੀ ਵਾਂਗ ।

ਦਲੇਰ ਖ਼ਾਂ : ਜ਼ਰੂਰ ਕੋਈ ਖ਼ੁਸ਼ੀ ਦੀ ਖ਼ਬਰ ਲਿਆ ਰਿਹੈ ।

ਵਜ਼ੀਰ ਖ਼ਾਂ : ਸਾਲ ਭਰ ਤੋਂ ਕੋਈ ਖ਼ੁਸ਼ੀ ਦੀ ਖ਼ਬਰ ਸੁਣਨੀ ਨਸੀਬ ਨਹੀਂ ਹੋਈ । ਯਾ ਖ਼ੁਦਾ ਰਹਿਮ ਕਰ । ਸ਼ਹਿਨਸ਼ਾਹ ਦੇ ਕਹਿਰ ਤੋਂ ਬਚਾ । ਮੈਂ ਸਰਕਾਰ ਦਾ ਦੂਜਾ ਖ਼ਤ ਵੀ ਅਜੇ ਗੁਰੂ ਤਕ ਨਹੀਂ ਪੁਚਾਇਆ । ਮੇਰੇ ਦਰਬਾਰੀ ਦੁਸ਼ਮਣਾਂ ਨੇ ਪਤਾ ਨਹੀਂ ਕੀ ਕੀ ਲੂਤੀਆਂ ਲਾਈਆਂ ਹੋਣਗੀਆਂ । ਮੈਂ ਸੁਰਖ਼ਰੂ ਹੋ ਜਾਵਾਂ, ਜੇਕਰ... ...

ਚੋਬਦਾਰ : (ਇਸ਼ਾਰੇ ਨਾਲ) ਜਲਦੀ ਅਗੇ ਆਓ।

ਜਵਾਨ : (ਸਾਹੋ ਸਾਹ) ਸਲਾਮ ਹਜ਼ੂਰ।

ਵਜ਼ੀਰ ਖ਼ਾਂ : ਕਿਆ ਖ਼ਬਰ ਹੈ ?

ਜਵਾਨ : ਹਜ਼ੂਰ।

ਵਜ਼ੀਰ ਖ਼ਾਂ : ਜਲਦੀ ਬੋਲ, ਕਿਆ ਹੈ ?

ਜਵਾਨ : ਸਰਕਾਰ, ਗੁਰੂ ਦੇ ਦੋ ਛੋਟੇ ਬੱਚੇ ਅਰ ਉਨ੍ਹਾਂ ਦੀ ਦਾਦੀ ਜੀਂਦੀ ਫੜੀ ਗਈ ਹੈ।

ਵਜ਼ੀਰ ਖ਼ਾਂ : ਸਿਰਫ਼ ਬੱਚੇ ! ਗੁਰੂ ਨਹੀਂ ?

ਜਵਾਨ : ਨਹੀਂ ਜਨਾਬ।

ਵਜ਼ੀਰ ਖ਼ਾਂ : (ਨਿਰਾਸਤਾ ਦੇ ਪਹਿਲੇ ਝਟਕੇ ਤੋਂ ਬਾਅਦ) ਅੱਛਾ। ਕਿਸ ਜਗ੍ਹਾ ? ਕਿਸ ਤਰ੍ਹਾਂ ?

ਜਵਾਨ : ਮੁਰੰਡੇ ਦੇ ਇਲਾਕੇ ਵਿਚ ਹਜ਼ੂਰ।

ਵਜ਼ੀਰ ਖ਼ਾਂ : ਸ਼ਾਬਾਸ਼ ! ਬਹੁਤ ਅੱਛੀ ਖ਼ਬਰ ਲਿਆਇਆ ਹੈਂ। ਏਸ ਦੇ ਮੂੰਹ ਵਿਚ ਮਠਿਆਈ ਪਾਓ। (ਜੇਬ ਵਿਚੋਂ ਇਕ ਮੋਹਰ ਉਸ ਵਲ ਸੁਟਦਾ ਹੋਇਆ) ਇਹ ਤੇਰਾ ਇਨਾਮ। ਤੂੰ ਅੱਜ ਸਾਡੀ ਰੂਹ ਖ਼ੁਸ਼ ਕਰ ਦਿੱਤੀ ਹੈ। ਕਈ ਮਹੀਨਿਆਂ ਤੋਂ ਬਾਅਦ ਖ਼ੁਸ਼ੀ ਦਾ ਮੂੰਹ ਦੇਖਣਾ ਨਸੀਬ ਹੋਇਆ ਹੈ।

ਦਲੇਰ ਖ਼ਾਂ : ਨਵਾਬ ਸਾਹਿਬ, ਤੁਹਾਡੇ ਲਈ ਬਹੁਤ ਅੱਛਾ ਦਿਨ ਚੜ੍ਹਿਆ ਹੈ।

ਵਜ਼ੀਰ ਖ਼ਾਂ : ਯਾ ਖ਼ੁਦਾ, ਤੂੰ ਬੜਾ ਬੇਅੰਤ ਹੈਂ। ਮੇਰੀ ਦੁਆ ਕਬੂਲ ਕੀਤੀ ਹੈ। ਮੇਰੀ ਇੱਜ਼ਤ-ਆਬਰੂ ਕਾਇਮ ਰਖੀ ਹੈ। ਮੈਂ ਅੱਜ ਹੀ ਸਰਹੰਦ ਪੁਜ ਕੇ ਰੋਜ਼ਾ ਸ਼ਰੀਫ਼ ਤੇ ਨਿਆਜ਼ ਚੜ੍ਹਾਵਾਂਗਾ। ਸ਼ਾਹੀ ਖ਼ਜ਼ਾਨਾ ਲੁਟਾ ਦਿਆਂਗਾ। ਅਨਾਜ ਦੇ ਜ਼ਖ਼ੀਰਿਆਂ ਦੇ ਦਰ ਖੋਲ੍ਹ ਦਿਆਂਗਾ। ਗ਼ਰੀਬਾਂ ਨੂੰ ਖ਼ੈਰਾਇਤ ਵੰਡਾਂਗਾ। ਮੈਂ ਬੇਹਦ ਖ਼ੁਸ਼ ਹਾਂ। ਦੁਨੀਆ ਨੂੰ ਮੂੰਹ ਦਖਾਉਣ ਜੋਗਾ ਹੋ ਗਿਆ ਹਾਂ। ਮੇਰਾ ਦਿਲ ਖ਼ੁਸ਼ੀ ਨਾਲ ਨਚ ਰਿਹਾ ਹੈ (ਖ਼ਬਰ-ਰਸਾਂ ਦਾ ਹੱਥ ਫੜ ਕੇ) ਡਰੋ ਮਤ, ਖ਼ੁਸ਼ੀ ਗ਼ਮੀ ਔਰ ਨਮਾਜ਼ ਵਕਤ ਸਭ ਮੁਸਲਮਾਨ ਯਕਸਾਂ ਹੈਂ।

ਦਲੇਰ ਖ਼ਾਂ : ਜਨਾਬ, ਯਕਦਮ ਬਹੁਤੀ ਖ਼ੁਸ਼ੀ ਮਨਾਣੀ ਠੀਕ ਨਹੀਂ ਹੁੰਦੀ। ਪਤਾ ਨਹੀਂ ਖ਼ਬਰ ਸੱਚੀ ਹੈ ਕਿ ਝੂਠੀ।

ਵਜ਼ੀਰ ਖ਼ਾਂ : ਚੁਪ ਰਹੁ। ਬੁਰਾ ਬੋਲ ਮੂੰਹੋਂ ਮਤ ਨਿਕਾਲ। (ਚੋਬਦਾਰ ਨੂੰ) ਜਾਓ ਮੇਰੀ ਤਰਫ਼ੋਂ ਕੂਚ ਦਾ ਹੁਕਮ ਸੁਣਾਓ। ਮੈਂ ਛੇਤੀ ਤੋਂ ਛੇਤੀ ਸਰਹੰਦ ਪੁਜਣਾ ਚਾਹੁੰਦਾ ਹਾਂ।

[ਸਿਵਾਏ ਦਲੇਰ ਖ਼ਾਂ ਦੇ ਬਾਕੀ ਸਭ ਜਾਂਦੇ ਨੇ]

ਦਲੇਰ ਖ਼ਾਂ : (ਬੜੀ ਗੰਭੀਰਤਾ ਨਾਲ) ਹੂੰ! ਬੁਜ਼ਦਿਲ ਆਪਣੀ ਕਮਜ਼ੋਰੀ ਲੁਕਾਣ ਲਈ ਕਿੰਨੇ ਤਰਲੇ ਕਰਦਾ ਹੈ। (ਦੋਹਾਂ ਹੱਥਾਂ ਨਾਲ ਦੁਆ ਕਰਦਾ ਹੋਇਆ) ਮਾਸੂਮ ਬੱਚਿਆਂ ਤੇ ਅੱਲਾ ਰਹਿਮ ਕਰੇ।

[ਦੋ ਸਿਪਾਹੀ ਨੰਗੀਆਂ ਤਲਵਾਰਾਂ ਲੈ ਕੇ ਦਲੇਰ ਖ਼ਾਂ ਵਲ ਵਧਦੇ ਹਨ।]

ਦਲੇਰ ਖ਼ਾਂ : (ਛੁਡਾਉਣ ਦੀ ਕੋਸ਼ਿਸ਼ ਕਰਦਾ ਹੋਇਆ) ਕਿਉਂ ? ਕਿਆ ਹੈ ?

ਸਿਪਾਹੀ : ਨਵਾਬ ਸਾਹਿਬ ਦਾ ਹੁਕਮ ਹੈ ਕਿ ਆਪ ਨੂੰ ਗ੍ਰਿਫ਼ਤਾਰ ਕੀਤਾ ਜਾਵੇ।

ਦਲੇਰ ਖ਼ਾਂ : ਕਿਸ ਜੁਰਮ ਬਦਲੇ ? ਠਹਿਰੋ, ਮੈਨੂੰ ਉਸ ਬੇਰਹਿਮ ਨਾਲ ਗੱਲ ਕਰਨ ਦਿਓ।

ਵਜ਼ੀਰ ਖ਼ਾਂ : ਮੈਂ ਹਾਜ਼ਰ ਹਾਂ। (ਉੱਚੀ ਹੱਸਦਾ ਹੋਇਆ) ਅੱਲਾ ਮਾਸੂਮਾਂ ਤੇ ਰਹਿਮ ਕਰੇ। ਮਗਰ ਵਜ਼ੀਰ ਖ਼ਾਂ ਦੁਸ਼ਮਣ ਤੇ ਰਹਿਮ ਕਰਨਾ ਨਹੀਂ ਸਿਖਿਆ। (ਇਸ਼ਾਰੇ ਨਾਲ) ਇਸ ਗ਼ਦਾਰ ਨੂੰ ਜਲਦ ਸਰਹੰਦ ਪੁਚਾਓ। ਇਸ ਬੁੱਕਲ ਦੇ ਸੱਪ ਦੀ ਜ਼ਹਿਰੀਲੀ ਸਿਰੀ ਉਥੇ ਫੇਹੀ ਜਾਵੇਗੀ। ਮੁਗ਼ਲ ਸਲਤਨਤ ਦੇ ਦੁਸ਼ਮਣ ਦਾ ਨਾਮੋ-ਨਿਸ਼ਾਨ ਮਿਟਾ ਦਿਤਾ ਜਾਵੇਗਾ।

ਦਲੇਰ ਖ਼ਾਂ : ਬੁਜ਼ਦਿਲ, ਬੇਰਹਿਮ, ਧੋਖੇਬਾਜ਼।

ਵਜ਼ੀਰ ਖ਼ਾਂ : (ਭਿਆਨਕ ਹਾਸਾ ਹੱਸਦਾ ਹੋਇਆ) ਪੀਰ ਬੁੱਧੂ ਸ਼ਾਹ ਦਾ ਸੱਚਾ ਪੈਰੋਕਾਰ ! ਹੂੰ।

ਦਲੇਰ ਖ਼ਾਂ : ਮਰਦੂਦ, ਤੇਰਾ ਗੁਮਾਨ ਛੇਤੀ ਟੁਟ ਜਾਵੇਗਾ। ਗੁਰੂ ਦੀ ਨੇਕੀ ਸਦਾ ਕਾਇਮ ਰਹੇਗੀ।

ਨੇਕੀ ਹੀ ਹੈ ਜੋ ਛੁਪ ਨਹੀਂ ਸਕਤੀ।
ਸਰਹੰਦ ਲੁਟ ਸਕਤਾ ਹੈ, ਯੇਹ ਲੁਟ ਨਹੀਂ ਸਕਤੀ।

[ਵਜ਼ੀਰ ਖ਼ਾਂ ਬੇਵਾਕ ਹੋ ਜਾਂਦਾ ਹੈ। ਗੁੱਸੇ ਨਾਲ ਘੂਰ ਕੇ ਦੇਖਦਾ ਹੈ। ਦਲੇਰ ਖ਼ਾਂ ਬੜੀ ਸ਼ਾਨ ਨਾਲ ਜਾਂਦਾ ਹੈ।]

[ਬੱਤੀਆਂ ਬੁਝ ਜਾਂਦੀਆਂ ਹਨ। ਮੱਧਮ ਰੌਸ਼ਨੀ ਵਿਚ ਬੋਹ-ਵਿਗਿਆਨੀ—ਮਰਦ ਤੇ ਇਸਤ੍ਰੀ ਬੋਹੜ ਦੇ ਪਿਛੋਂ ਨਿਕਲ ਕੇ ਮੰਚ ਉਤੇ ਆਉਂਦੇ ਹਨ। ਪ੍ਰਕਾਸ਼ ਉਨ੍ਹਾਂ ਦੇ ਚਿਹਰਿਆਂ ਤੇ ਪੈਂਦਾ ਹੈ।]

ਮਰਦ : (ਸਿਰ ਝੁਕਾ ਕੇ) ਸਦ ਨਮਸਕਾਰ, ਤੈਨੂੰ ਵਣ ਦੇਵਤਾ !

ਇਸਤ੍ਰੀ : (ਹੱਥ ਜੋੜ ਕੇ) ਤੂੰ ਤਾਂ ਸਾਡੇ ਕਪਾਟ ਖੋਲ੍ਹ ਦਿਤੇ ਨੇ ।

ਮਰਦ : ਅਜ ਤੂੰ ਸਾਨੂੰ ਉਹ ਕੁਝ ਦਿਖਾਇਆ ਹੈ ਜੋ ਇਤਿਹਾਸ ਦੀਆਂ ਪੁਸਤਕਾਂ ਨਹੀਂ ਦਸ ਸਕਦੀਆਂ ।

ਇਸਤ੍ਰੀ : ਤੇਰੀ ਗੁੱਝੀ ਤੇ ਅਥਾਹ ਜਾਣਕਾਰੀ ਅੱਗੇ ਅਸੀਂ ਸਿਰ ਝੁਕਾਂਦੇ ਹਾਂ ।

ਬੋਹੜ : ਵਿਗਿਆਨੀਆਂ ਨੇ ਤਾਂ ਅਜੇ ਅਨੁਮਾਨ ਹੀ ਲਾਇਆ ਏ ।

ਮਰਦ : ਕਿਸ ਗੱਲ਼ ਦਾ ਬਜ਼ੁਰਗਵਾਰ ?

ਬੋਹੜ : ਜੋ ਕੁਝ ਵਾਪਰ ਜਾਂ ਬੋਲਿਆ ਜਾ ਚੁੱਕਾ ਹੈ ਉਹ ਕਦੇ ਜਾਇਆ ਨਹੀਂ ਹੁੰਦਾ । ਬੋਲਾਂ ਨੂੰ ਮੁੜ ਫੜਿਆ ਜਾ ਸਕਦਾ ਹੈ । ਉਹ ਤਾਂ ਜਦੋਂ ਅਮਲੀ ਤੌਰ ਤੇ ਫੜਨਗੇ ਉਦੋਂ ਦੇਖੋਗੇ, ਪਰ ... ...

ਮਰਦ : ਪਰ ਬਾਬਾ, ਤੂੰ ਤਾਂ ਸਾਨੂੰ ਹੱ-ਬੀਤੀਆਂ ਸਾਕਾਰ ਰੂਪ ਵਿਚ ਦਿਖਾ ਦਿਤੀਆਂ ਨੇ ।

ਇਸਤ੍ਰੀ : ਹਰਸ਼ਰਨ ਕੌਰ ਦੀ ਅਦੁੱਤੀ ਬਹਾਦਰੀ ਨੂੰ ਕਿਉਂ ਹੁਣ ਤਕ ਹਨੇਰੇ ਵਿਚ ਰਖਿਆ ਗਿਆ ਏ ?

ਬੋਹੜ : ਬੀਬਾ, ਬੇਅੰਤ ਗੱਲਾਂ ਅੰਧ-ਕਾਲ ਵਿਚ ਛੁਪੀਆਂ ਹੋਈਆਂ ਨੇ । ਉਨ੍ਹਾਂ ਨੂੰ ਉਜਾਗਰ ਕਰਨਾ ਤੁਹਾਡਾ ਕੰਮ ਏ ।

ਇਸਤ੍ਰੀ : ਮੈਂ ਇਹ ਕੰਮ ਆਪਣੇ ਹੱਥ ਲਵਾਂਗੀ । ਬਦੇਸਾਂ ਵਿਚ ਪੜ੍ਹਾਈ ਨੇ ਮੈਨੂੰ ਆਪਣੇ ਵਿਰਸੇ ਨਾਲੋਂ ਤੋੜ ਦਿਤਾ ਸੀ ।

ਮਰਦ : ਬਾਬਾ ਜੀ ਇਹ ਦਸੋ, ਚਮਕੌਰ ਦੀ ਗੜ੍ਹੀ ਤੋਂ ਨਿਕਲ ਕੇ ਅੱਲਾਹੀ ਯੋਧਾ ਕਿਥੇ ਗਏ ?

ਬੋਹੜ : ਇਹ ਦੈਵੀ ਸੂਰਬੀਰਤਾ ਦੀ ਲੰਮੀ ਗਾਥਾ ਹੈ । ਦੋਵੇਂ ਗੁਰੂ ਪਿਆਰੇ ਉਹਨਾਂ ਨਾਲੋਂ ਨਿਖੜ ਗਏ ਸਨ । ਰਾਤ ਮਹਾਨ ਗੁਰੂ ਨੇ ਮਾਛੀਵਾੜੇ ਦੇ ਜੰਗਲ ਵਿਚ ਕੰਡਿਆਂ ਦੀ ਸੇਜ ਤੇ ਕਟੀ ।

ਦੋਵੇਂ : ਧੰਨ ਧੰਨ ਗੁਰੂ ਗੋਬਿੰਦ ਸਿੰਘ !

ਬੋਹੜ : ਤੁਸੀਂ ਉਸ ਮੌਕੇ ਦਾ ਉਚਾਰਿਆ ਸ਼ਬਦ ਨਹੀਂ ਸੁਣਿਆ ?

ਮਰਦ : ਸ਼ਰਮਿੰਦਾ ਹਾਂ, ਅਸੀਂ ਆਪਣੇ ਵਿਰਸੇ ਤੋਂ ਅਨਗਹਿਲ ਹਾਂ ।

ਇਸਤ੍ਰੀ : ਬਾਬਾ ਜੀ ਸਾਨੂੰ ਚਾਨਣ ਬਖ਼ਸ਼ ।

ਬੋਹੜ : ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ।
ਤੁਧੁ ਬਿਨੁ ਰੋਗ ਰਜਾਈਆਂ ਓਢਣ, ਨਾਗ ਨਿਵਾਸਾਂ ਦੇ ਰਹਣਾ ।
ਸੂਲ ਸੁਰਾਹੀ ਖੰਜਰ ਪਿਆਲਾ, ਬਿੰਗ ਕਸਾਈਆਂ ਦਾ ਸਹਣਾ ।
ਯਾਰੜੇ ਦਾ ਸਾਨੂੰ ਸਥਰ ਚੰਗਾ, ਭਠ ਖੇੜਿਆਂ ਦਾ ਰਹਣਾ ।

ਮਰਦ : ਨਿਸਚੇ ਨਾਲ ਕਹਿੰਦਾ ਹਾਂ, ਦੁਨੀਆ ਭਰ ਦੇ ਇਤਿਹਾਸ ਵਿਚ ਅਜਿਹੀ ਚੜ੍ਹਦੀ ਕਲਾ ਵਾਲਾ ਪਰਮ ਪੁਰਖ ਪੈਦਾ ਨਹੀਂ ਹੋਇਆ ।

ਇਸਤ੍ਰੀ : ਦੇਵਤਾ ਜੀ, ਮੁਗਲਾਂ ਦੇ ਸੂਹੀਏ ਚੱਪੇ ਚੱਪੇ ਤੇ ਫਿਰਦੇ ਸਨ, ਗੁਰੂ ਜੀ ਉਨ੍ਹਾਂ ਤੋਂ ਕਿੱਦਾਂ ਬਚੇ ?

ਬੋਹੜ : ਅੱਤ ਨਾਜ਼ਕ ਸਮੇਂ ਨਬੀ ਖ਼ਾਨ ਤੇ ਗ਼ਨੀ ਖ਼ਾਨ ਨੇ ਮੌਕਾ ਸੰਭਾਲਿਆ।

ਮਰਦ : ਉਹ ਕਿਸ ਤਰ੍ਹਾਂ ?

ਬੋਹੜ : ਗੁਰੂ ਜੀ ਨੂੰ ਉਚ ਦੇ ਪੀਰ ਦੇ ਰੂਪ ਵਿਚ ਪਲੰਘ ਤੇ ਬਿਠਾ ਕੇ ਸ਼ਾਨ ਨਾਲ ਕਢਿਆ ।

ਮਰਦ : ਕੀ ਮੁਸਲਮਾਨ ਵੀ ਗੁਰੂ ਜੀ ਦੇ ਪੈਰੋਕਾਰ ਸਨ ?

ਬੋਹੜ : ਹਜ਼ਾਰਾਂ ! ਉਨ੍ਹਾਂ ਨੂੰ ਕਿਸੇ ਵਿਅਕਤੀ ਜਾਂ ਧਰਮ ਨਾਲ ਕੋਈ ਵੈਰ ਵਿਰੋਧ ਨਹੀਂ ਸੀ। ਉਹ ਤਾਂ ਧਰਮ ਦੀ ਜੈ ਤੇ ਜ਼ੁਲਮ ਦਾ ਨਾਸ ਕਰਨ ਹਿਤ ਇਸ ਧਰਤੀ ਤੇ ਆਏ ਸਨ—

ਹਮ ਇਹ ਕਾਜ ਜਗਤ ਮੋ ਆਏ ।
ਧਰਮ ਹੇਤ ਗੁਰਦੇਵ ਪਠਾਏ ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸ਼ਟ ਦੋਖੀਅਨ ਪਕਰਿ ਪਛਾਰੋ ।
ਯਾਹੀ ਕਾਜ ਧਰਾ ਹਮ ਜਨਮੰ।
ਸਮਝ ਲੇਹੁ ਸਾਧੂ ਸਭ ਮਨਮੰ।
ਧਰਮ ਚਲਾਵਨ ਸੰਤ ਉਬਾਰਨ ।
ਦੁਸ਼ਟ ਸਭਨ ਕੋ ਮੂਲ ਉਪਾਰਨ ।

ਇਸਤ੍ਰੀ : ਬਾਬਾ ਜੀ, ਉਸ ਪਿਛੋਂ ਕੀ ਹੋਇਆ ?

ਬੋਹੜ : ਮਾਲਵੇ ਵਿਚ ਦੀਨਾ ਕਾਂਗੜ ਪਿੰਡ ਵਿਚ ਪੁਜ ਕੇ ਗੁਰੂ ਨੇ ਔਰੰਗਜ਼ੇਬ ਨੂੰ ਵਿਜੇ-ਪੱਤਰ ਲਿਖਿਆ ।

ਇਸਤ੍ਰੀ : ਜਿਸ ਨੂੰ ਜ਼ਫ਼ਰਨਾਮਾ ਕਿਹਾ ਜਾਂਦਾ ਏ ?

ਬੋਹੜ : ਹਾਂ ।

ਮਰਦ : ਔਰੰਗਜ਼ੇਬ ਨੇ ਤਾਂ ਸਾਰੀ ਉਮਰ ਪੁੱਤਰਾਂ ਦੀ ਗੱਲ ਨਹੀਂ ਸੀ ਸਹੀ, ਵਿਜੈ-ਪੱਤਰ ਨੂੰ ਕਿਵੇਂ ਬਰਦਾਸ਼ਤ ਕੀਤਾ !

ਬੋਹੜ : ਦਰੁਸਤ ਹੈ, ਆਲਮਗੀਰ ਨੂੰ ਸਾਰੀ ਜ਼ਿੰਦਗੀ ਵਿਚ ਕਿਸੇ ਨੇ ਐਨੀ ਦਲੇਰੀ ਤੇ ਦ੍ਰਿੜ੍ਹਤਾ ਨਾਲ ਮੁਖਾਤਬ ਨਹੀਂ ਸੀ ਕੀਤਾ । ਗੁਰੂ ਨੇ ਉਸ ਦੀ ਸਮੁੱਚੀ ਨੀਤੀ ਦੀ ਕਰੜੀ ਪੜਚੋਲ ਕੀਤੀ ।

ਮਰਦ : ਗੁਰੂ ਜੀ ਨਿਰਭਉ ਤੇ ਨਿਰਵੈਰ ਸਨ।

ਇਸਤ੍ਰੀ : (ਬੜੀ ਉਤਸੁਕਤਾ ਨਾਲ) ਬਾਬਾ ਜੀ, ਅਸੀਂ ਜਾਨਣ ਲਈ ਕਾਹਲੇ ਹਾਂ, ਉਸ ਵਿਜੈ-ਪੱਤਰ ਦਾ ਆਲਮਗੀਰ ਉਤੇ ਕੀ ਪ੍ਰਭਾਵ ਪਿਆ ?

ਬੋਹੜ : ਜਾਣਨਾ ਚਾਹੁੰਦੇ ਹੋ ?

ਦੋਵੇਂ : ਹਾਂ, ਹਾਂ, ਜ਼ਰੂਰ।

ਬੋਹੜ : ਤੁਹਾਨੂੰ ਇਲਮ ਹੈ, ਆਲਮਗੀਰ ਦੀ ਜ਼ਿੰਦਗੀ ਦੇ ਆਖਰੀ ਸਾਲ ਸਖਤ ਪਰੇਸ਼ਾਨੀ ਵਿਚ ਗੁਜ਼ਰੇ ਸਨ।

ਮਰਦ : ਵਣ ਦੇਵਤਾ, ਇਤਿਹਾਸ ਦਾ ਹਰ ਵਿਦਿਆਰਥੀ ਜਾਣਦਾ ਏ, ਵੀਹ ਸਾਲਾਂ ਦੀ ਦੱਖਣ ਦੀ ਮੁਹਿੰਮ ਉਸ ਨੂੰ ਬੇਅਰਥ ਜਾਪਣ ਲਗ ਪਈ ਸੀ। ਮਰਾਠੇ ਉਸ ਦੇ ਜੀਉਂਦੇ-ਜੀ ਜ਼ੋਰ ਫੜ ਚੁਕੇ ਸਨ। ਦੱਖਣ ਵਿਚ ਕਾਲ ਨਾਲ ਲੱਖਾਂ ਲੋਕੀਂ ਉਸ ਦੀਆਂ ਅੱਖਾਂ ਸਾਹਮਣੇ ਮਰੇ ਸਨ। ਉਸ ਦੀ ਘਰੋਗੀ ਜ਼ਿੰਦਗੀ ਦੇ ਅੰਤਲੇ ਪੰਜ ਸਾਲ ਹੋਰ ਵੀ ਦੁਖ ਭਰੇ ਸਨ। ਪਿਉ, ਭੈਣ, ਭਰਾਵਾਂ ਤੇ ਭਤੀਜਿਆਂ ਨਾਲ ਕੀਤਾ ਜ਼ੁਲਮ ਉਸ ਦੀ ਜ਼ਮੀਰ ਤੇ ਭਾਰੂ ਸੀ।

ਬੋਹੜ : ਪਰ ਉਸ ਦੇ ਅੰਦਰਲੇ ਪਾਪਾਂ ਨੂੰ ਕੰਬਾਣ ਵਿਚ ਸਭ ਤੋਂ ਵਧ ਹੱਥ ਜ਼ਫ਼ਰਨਾਮੇ ਦਾ ਸੀ।

ਇਸਤ੍ਰੀ : ਤੁਹਾਡਾ ਬੋਲ ਸਹੀ ਹੋਵੇਗਾ।

ਮਰਦ : ਉਨ੍ਹਾਂ ਦਿਨਾਂ ਦੀ ਆਲਮਗੀਰ ਦੀ ਅੰਦਰੂਨੀ ਦਸ਼ਾ ਨੂੰ ਹੀ ਅਸੀਂ ਦੇਖਣ ਦੇ ਚਾਹਵਾਨ ਹਾਂ।

ਬੋਹੜ : ਛੇਤੀ ਕਰੋ ਫੇਰ। ਅੱਗੇ ਵਾਂਗ ਪਿਛਲੇ ਪਾਸੇ ਆ ਜਾਵੋ। ਉੱਚਾ ਸਾਹ ਤਕ ਨਹੀਂ ਲੈਣਾ ਹੋਵੇਗਾ।

[ਪਰਦਾ]

ਦੂਜਾ ਅੰਕ

# ਜ਼ਫ਼ਰਨਾਮਾ



## ਜ਼ਫ਼ਰਨਾਮਾ

ਸਮਾਂ : ਸੰਨ ੧੭੦੬

ਸਥਾਨ : ਅਹਿਮਦ ਨਗਰ (ਦੱਖਣ)

ਵਕਤ : ਸਵੇਰ ਸਾਰ

ਮੁਗਲ ਸ਼ਹਿਨਸ਼ਾਹ ਔਰੰਗਜ਼ੇਬ ਦਾ ਵਿਸ਼ਾਲ ਤੇ ਸਾਦਾ ਨਿੱਜੀ ਕਮਰਾ । ਈਰਾਨੀ ਕਾਲੀਨ ਉਤੇ, ਕਮਰੇ ਦੇ ਵਿਚਕਾਰ, ਆਲਮਗੀਰ ਦਾ ਬਿਸਤਰਾ, ਜਿਸ ਉਤੇ ਚਿਤਰੇ ਦੀ ਖਲ ਵਿਛੀ ਹੋਈ ਹੈ। ਆਸ-ਪਾਸ ਕੁਝ ਕਿਤਾਬਾਂ, ਸੋਹਣੀ ਜਿਲਦ ਵਾਲਾ ਕੁਰਾਨ ਸ਼ਰੀਫ, ਲਿਖਣ ਦਾ ਸਾਮਾਨ, ਤਲਵਾਰ, ਢਾਲ ਆਦਿ ਚੀਜ਼ਾਂ ਪਈਆਂ ਹਨ। ਸਾਦਾ ਸ਼ਾਹੀ ਬਿਸਤਰੇ ਦੇ ਦੋਹੀਂ ਪਾਸੀਂ ਚਾਂਦੀ ਦੇ ਦੋ ਜੰਗੀ ਦੀਵਟ ਹਨ।

ਪਰਦਾ ਉਠਣ ਸਮੇਂ ਹਨੇਰੀ ਝੱਖੜ ਦੀ ਸ਼ਾਂ-ਸ਼ਾਂ ਸੁਣਾਈ ਦੇਂਦੀ ਹੈ। ਹਵਾ ਨਾਲ ਦੋਹਾਂ ਦੀਵਿਆਂ ਦੀਆਂ ਲਾਟਾਂ ਟਿਮਟਿਮਾ ਰਹੀਆਂ ਹਨ।

ਔਰੰਗਜ਼ੇਬ—ਮਧਰਾ ਕੱਦ, ਕਮਜ਼ੋਰ ਸਰੀਰ, ਲੰਮਾ ਨੱਕ, ਸੁਰਖ਼ ਗੋਰਾ ਰੰਗ, ਗੋਲ ਸਫ਼ੈਦ ਦਾੜ੍ਹੀ, ਕੁਤਰੀਆਂ ਹੋਈਆਂ ਲਬਾਂ, ਤੇਜ-ਭਖਦੀਆਂ ਅੱਖਾਂ, ਉਮਰ ਦੇ ਭਾਰ ਨਾਲ ਝੁਕਿਆ ਹੋਇਆ ਲੱਕ, ਗਲ ਸਫ਼ੈਦ ਮਲਮਲ ਦਾ ਮੁਗਲ ਢੰਗ ਦਾ ਚੋਗਾ, ਜਿਸ ਦੀਆਂ ਤਣੀਆਂ ਸੱਜੇ ਮੋਢੇ ਹੇਠ ਬੰਨ੍ਹੀਆਂ ਹੋਈਆਂ, ਸੋਨੇ ਦੀਆਂ ਤਾਰਾਂ

ਨਾਲ ਮੜ੍ਹੀ ਹੋਈ ਪਗੜੀ, ਸਿਲਕ ਦੇ ਕਮਰਬੰਦ ਵਿਚ ਟੰਗਿਆ ਹੋਇਆ ਖ਼ੰਜਰ, ਮੂਰ ਫੈਸ਼ਨ ਦੀ ਜੁੱਤੀ*— ਸਾਮ੍ਹਣੀ ਕੰਧ ਨਾਲ ਲਗ ਕੇ ਸਖ਼ਤ ਘਬਰਾਹਟ ਤੇ ਅਕਹਿ ਡਰ ਦੀ ਹਾਲਤ ਵਿਚ ਖੜਾ ਹੈ। ਉਸ ਦਾ ਖੱਬਾ ਹੱਥ ਖ਼ੰਜਰ ਉਤੇ ਹੈ। ਸੱਜਾ ਹੱਥ ਸੋਟੀ ਸਮੇਤ ਕੰਬ ਰਿਹਾ ਹੈ।

ਔਰੰਗਜ਼ੇਬ : ਹਰ ਗੱਲ ਮੇਰੀ ਮਰਜ਼ੀ ਦੇ ਖ਼ਿਲਾਫ਼ ਹੋ ਰਹੀ ਹੈ! ਕੁਦਰਤ ਵੀ ਕਹਿਰਵਾਨ ਹੋ ਗਈ ਹੈ! ਇਸ ਤਰ੍ਹਾਂ ਲਗਦਾ ਹੈ ਕਿ ਖ਼ੁਦਾ ਨੇ ਮੈਨੂੰ ਭੁਲਾ ਦਿਤਾ ਹੈ!

[ਇਕ-ਦਮ ਸ਼ੋਖ਼ ਸਾਜ਼ਾਂ ਸਮੇਤ ਨੱਚਣ ਦੀ ਅਵਾਜ਼ ਸੁਣਾਈ ਦੇਂਦੀ ਹੈ।]

ਔਰੰਗਜ਼ੇਬ : (ਅੱਤ ਹੈਰਾਨੀ ਤੇ ਗੁੱਸੇ ਨਾਲ) ਸ਼ਾਹੀ ਮਹੱਲ ਵਿਚ ਨਾਚ? ਕਿਆ ਇਨ੍ਹਾਂ ਨੇ ਮੈਨੂੰ ਮੋਇਆ ਖ਼ਿਆਲ ਕਰ ਲਿਆ ਹੈ? ਬੰਦ ਕਰੋ ਇਹ ਨਾਚ ਔਰ ਸਾਜ਼!

ਅਵਾਜ਼ : ਬੁੱਢੇ ਬੀਮਾਰ ਬਾਦਸ਼ਾਹ, ਤੂੰ ਜ਼ਿੰਦਗੀ ਦੀ ਤੋਰ ਨੂੰ ਰੋਕਣ ਦੇ ਕਾਬਲ ਨਹੀਂ।

ਔਰੰਗਜ਼ੇਬ : (ਕੰਨਾਂ ਤੇ ਯਕੀਨ ਨਾ ਕਰਦਾ ਹੋਇਆ) ਕਿਆ ਕਿਹਾ, ਮੈਂ ਰੋਕਣ ਦੀ ਤਾਕਤ ਨਹੀਂ ਰਖਦਾ? ਮੈਂ ਹੁਕਮ ਦਿੰਦਾ ਹਾਂ ਕਿ ਇਹ ਬੇਹੂਦਗੀ ਛੇੜਨ ਬੰਦ ਕਰੋ, ਵਰਨਾਂ ... ...

ਅਵਾਜ਼ : (ਵਿਅੰਗ ਭਰੇ ਹਾਸੇ ਨਾਲ) ਔਰੰਗਜ਼ੇਬ, ਤੂੰ ਖ਼ੁਦ ਇਕ ਬੇਸੁਰਾ ਸਾਜ਼ ਹੈਂ। ਉਹ ਵੀ ਉਸ ਦੀਵੇ ਦੀ ਡੋਲਦੀ ਲਾਟ ਵਾਂਗ ਘੜੀ-ਪਲ ਦਾ ਮਹਿਮਾਨ।

ਔਰੰਗਜ਼ੇਬ : (ਬੜੀ ਦ੍ਰਿੜ੍ਹਤਾ ਨਾਲ) ਆਖ਼ਰੀ ਦਮ ਤਕ ਮੈਂ ਕੋਈ ਹੁਕਮ-ਉਦੂਲੀ ਬਰਦਾਸ਼ਤ ਨਹੀਂ ਕਰਾਂਗਾ।

ਅਵਾਜ਼ : (ਕਰੂਰ ਵਿਅੰਗ ਨਾਲ) ਕੌਣ, ਤੂੰ? ਫੇਰ ਸੁਣ।

*ਸੈਲਾਨੀ ਗਾਮੇਲੀ ਕਾਹੇਰੀ ਦੀ ਪੁਸਤਕ "ਧਰਤੀ ਦੁਆਲੇ ਸਫ਼ਰ" ਵਿਚ ਔਰੰਗਜ਼ੇਬ ਦਾ ਉਸ ਦੇ ਮਰਨ ਤੋਂ ਕੁਝ ਸਾਲ ਪਹਿਲਾਂ ਅੱਖੀਂ ਡਿੱਠਾ ਹਾਲ।

[ਰਾਗ ਦੀਆਂ ਉੱਚੀਆਂ ਧੁਨਾਂ ਸੁਣਾਈ
ਦਿੰਦੀਆਂ ਹਨ ।]

ਔਰੰਗਜ਼ੇਬ : (ਤਲਮਲਾ ਕੇ) ਇਹ ਕਿਆ ਬਦਤਮੀਜ਼ੀ ਹੈ ? ਫ਼ੌਰਨ ਬੰਦ ਕਰੋ ਇਹ ਰੰਗ ਔਰ ਰਾਗ । ਸ਼ਾਹੀ ਮਹੱਲ ਔਰ ਦਰਬਾਰ ਵਿਚ ਇਸ ਦੀ ਸਖ਼ਤ ਮਨਾਹੀ ਹੈ ।

ਅਵਾਜ਼ : ਔਰੰਗਜ਼ੇਬ, ਜ਼ਿੰਦਗੀ ਖ਼ੁਦ ਇਕ ਰੰਗ-ਤਮਾਸ਼ਾ ਹੈ, ਜਿਸ ਤੋਂ ਤੂੰ ਮਹਿਰੂਮ ਰਿਹਾ ਹੈਂ । ਇਸ ਵਾਸਤੇ ਤੇਰੀ ਜ਼ਿੰਦਗੀ ਰੰਗ-ਹੀਨ ਤੇ ਤੂੰ ਸਖ਼ਤ-ਮਜ਼ਾਜ ਹੈਂ ।

ਔਰੰਗਜ਼ੇਬ : (ਪੋਲੇ ਹੱਥਾਂ ਨਾਲ ਤਾਲੀ ਵਜਾ ਕੇ) ਚੋਬਦਾਰ ! ਹੈਂ ! ਕੋਈ ਨਹੀਂ ਸੁਣ ਰਿਹਾ ? (ਘਟੀਆਪਨ ਦਾ ਅਹਿਸਾਸ ਅਨੁਭਵ ਕਰਦਾ ਹੋਇਆ) ਕਿਆ ਗ਼ਮ ਤੇ ਬੀਮਾਰੀ ਨੇ ਮੈਨੂੰ ਇਤਨਾ ਕਮਜ਼ੋਰ ਕਰ ਦਿਤਾ ਹੈ ?

[ਸ਼ਿਅਰ ਦੇ ਪੜ੍ਹਨ ਪਿਛੋਂ ਦਾਦ ਵਿਚ ਬਹੁਤ
ਸਾਰੇ ਨਸ਼ੱਈ ਬੰਦਿਆ ਦੇ ਉੱਚੀ ਹੱਸਣ
ਦੀ ਅਵਾਜ਼ ਸੁਣਾਈ ਦਿੰਦੀ ਹੈ ।]

ਔਰੰਗਜ਼ੇਬ : ਇਤਨਾ ਕੁਫ਼ਰ ? ਕੌਣ ਨੇ ਇਹ ਲੋਕ ਜੋ ਮੌਤ ਤੋਂ ਐਨੇ ਬੇਖ਼ਬਰ ਹਨ !

ਅਵਾਜ : ਅਦਨਾ ਸਾ ਇਨਸਾਨ, ਤੂੰ ਨਹੀਂ ਪਛਾਣਦਾ ਕਿ ਇਹ ਖ਼ੁਸ਼ੀ ਦੇ ਕਹਿਕਹੇ ਕੌਣ ਮਾਰ ਰਹੇ ਹਨ ?

ਔਰੰਗਜ਼ੇਬ : ਨਹੀਂ, ਕੌਣ ਹਨ ਇਹ ਸ਼ਖਸ ?

ਅਵਾਜ਼ : ਇਹ ਹਨ ਤੇਰੇ ਅਹਿਲਕਾਰ, ਫ਼ੌਜਦਾਰ, ਸੂਬੇਦਾਰ, ਉਮਰਾ ਔਰ ਉਲਿਮਾ, ਜੋ ਤੇਰੀ ਮੌਤ ਦੀਆਂ ਘੜੀਆਂ ਉਡੀਕ ਰਹੇ ਹਨ । ਉਹ ਸ਼ੇਅਰੋ-ਸ਼ਾਇਰੀ ਨਾਲ ਤੈਨੂੰ ਚਿੜਾ ਰਹੇ ਹਨ, ਕਿਉਂ ਕਿ ਤੂੰ ਸਾਰੀ ਉਮਰ ਇਨ੍ਹਾਂ ਨੂੰ ਕੁਫ਼ਰ ਦੇ ਠੇਕੇਦਾਰ ਕਹਿੰਦਾ ਰਿਹਾ ਹੈਂ । ਸ਼ਰਾਬ ਦੇ ਨਸ਼ੇ ਵਿਚ ਤੇਰੀ ਕਮਜ਼ੋਰੀ ਦਾ ਮਜ਼ਾਕ ਉਡਾ ਰਹੇ ਹਨ ।

ਔਰੰਗਜ਼ੇਬ : ਇਨ੍ਹਾਂ ਦੀ ਇਤਨੀ ਜੁੱਰਤ ? ਇਨ੍ਹਾਂ ਨੂੰ ਇਲਮ ਨਹੀਂ ਕਿ ਸ਼ਰਾਬ-ਨੋਸ਼ੀ ਦੀ ਕਰੜੀ ਸਜ਼ਾ ਹੈ । ਮੈਂ ਸਭ ਦੀ ਗ੍ਰਿਫ਼ਤਾਰੀ ਦਾ ਹੁਕਮ ਦਿੰਦਾ ਹਾਂ ।

ਅਵਾਜ਼ : (ਉਚੀ ਹਾਸੇ ਪਿਛੋਂ) ਇਹ ਤਾਂ ਅਗੇ ਹੀ ਬਾਗ਼ੀ ਤੇ ਆਕੀ ਹਨ, ਤੇਰੇ ਸਖ਼ਤ ਵਰਤਾਉ ਕਾਰਨ ।

[ਫ਼ੌਜੀ ਬਿਗਲ ਅਤੇ ਰੌਲੇ-ਰੌਲੇ ਦੀ ਅਵਾਜ਼ ਸੁਣਾਈ ਦੇ'ਦੀ ਹੈ।]

ਔਰੰਗਜ਼ੇਬ : (ਡਰ ਨਾਲ ਕੰਬਦਾ ਹੋਇਆ) ਇਹ ਖ਼ਤਰਨਾਕ ਸ਼ੋਰ ਕੈਸਾ ਹੈ ?

ਅਵਾਜ਼ : ਮੁਗ਼ਲ ਤਖ਼ਤੋ-ਤਾਜ ਲਈ ਤੇਰੇ ਬੇਟਿਆਂ ਵਿਚ ਖ਼ਾਨਾ-ਜੰਗੀ ਸ਼ੁਰੂ ਹੈ।

ਔਰੰਗਜ਼ੇਬ : (ਅੱਤ ਦੁੱਖ ਤੇ ਘਬਰਾਹਟ ਨਾਲ) ਯਾ ਖ਼ੁਦਾ ! ਇਸੇ ਗੱਲ ਤੋਂ ਮੈਂ ਡਰਦਾ ਸਾਂ ! ਮੈਂ ਹਰਗਿਜ਼ ਕੁਸ਼ਤੋ-ਖ਼ੂਨ ਨਹੀਂ ਹੋਣ ਦਿਆਂਗਾ।

ਅਵਾਜ਼ : ਬੁੱਢੇ ਬਾਦਸ਼ਾਹ, ਭੁਲ ਗਿਆ ਹੈਂ ? ਤੂੰ ਵੀ ਆਪਣੇ ਬਾਪ ਸ਼ਾਹ ਜਹਾਨ ਦੀ ਮੌਤ ਦੀ ਇੰਤਜ਼ਾਰ ਨਹੀਂ ਸੀ ਕੀਤੀ।

ਔਰੰਗਜ਼ੇਬ : ਮੈਂ ਗ਼ਲਤੀ ਤੇ ਸਾਂ, ਹਕੂਮਤ ਦੀ ਹਵਸ ਨੇ ਮੈਨੂੰ ਅੰਨ੍ਹਾ ਕੀਤਾ ਹੋਇਆ ਸੀ।

ਅਵਾਜ਼ : ਤੇਰੇ ਬੇਟੇ ਤੇਰੀ ਗ਼ਲਤੀ ਦੁਹਰਾਉਣਗੇ। ਹੁਣ ਤੇਰੀਆਂ ਨਸੀਹਤਾਂ ਨਹੀਂ, ਤੇਰੇ ਅਮਲ ਉਨ੍ਹਾਂ ਦੇ ਕਦਮਾਂ ਦੀ ਰਹਿਬਰੀ ਕਰਨਗੇ।

ਔਰੰਗਜ਼ੇਬ : ਓ ਗੁਮਰਾਹ ਸ਼ਹਿਜ਼ਾਦਿਓ, ਮੇਰੀ ਗ਼ਲਤੀ ਹਰਗਿਜ਼ ਨਾ ਦੁਹਰਾਇਓ। ਹਮੇਸ਼ਾ ਲਈ ਮੈਂ ਮਨ ਤੇ ਰੂਹ ਦਾ ਚੈਨ ਗਵਾ ਬੈਠਾ ਹਾਂ।

ਅਵਾਜ਼ : ਤੂੰ ਪੰਜਾਹ ਸਾਲ ਪਰਜਾ ਦੇ ਮਨ ਦਾ ਚੈਨ ਖੋਹਿਆ ਹੈ, ਹੁਣ ਤੇਰੇ ਅਮਨ ਦੀ ਕੌਣ ਪਰਵਾਹ ਕਰਦਾ ਹੈ।

[ਦੂਰੋਂ 'ਸਤਿ ਸ੍ਰੀ ਅਕਾਲ' ਦੇ ਜੈਕਾਰੇ ਸੁਣਾਈ ਦੇ'ਦੇ ਹਨ।]

ਔਰੰਗਜ਼ੇਬ : ਹੈਂ ! ਇਹ ਕੈਸੇ ਖ਼ੌਫ਼ਨਾਕ ਨਾਹਰੇ ਹਨ ?

ਅਵਾਜ਼ : ਔਰੰਗਜ਼ੇਬ, ਇਹ ਜਿੱਤ ਦੇ ਜੈਕਾਰੇ ਹਨ। ਪੰਜਾਬ ਵਿਚ ਸਿੰਘ ਸੂਰਮੇ ਫੇਰ ਗੁਰੂ ਦੇ ਝੰਡੇ ਥੱਲੇ ਕੱਠੇ ਹੋ ਗਏ ਹਨ। ਖਿਦਰਾਣੇ ਦੀ ਢਾਬ ਲਾਗੇ ਮੁਗ਼ਲ ਫੌਜਾਂ ਨੂੰ ਸ਼ਿਕੱਸਤ ਦੇ ਚੁੱਕੇ ਹਨ।

['ਬਜਰੰਗ ਵਲੀ, ਹਰ ਹਰ ਮਹਾਂ ਦੇਵ' ਦੇ ਨਾਹਰੇ ਸੁਣਾਈ ਦੇ'ਦੇ ਹਨ।]

ਔਰੰਗਜ਼ੇਬ : ਓਹ ! ਇਹ ਬੜੇ ਅਜੀਬ ਨਾਹਰੇ ਹਨ ?

ਅਵਾਜ਼ : ਸਤਨਾਮੀ ਸਾਧੂ ਵੀ ਜ਼ੋਰ-ਜ਼ੁਲਮ ਵਿਰੁੱਧ ਅਵਾਜ਼ ਬੁਲੰਦ ਕਰ ਰਹੇ ਹਨ। ਲੋਕਾਂ ਨੂੰ ਜਗਾ ਰਹੇ ਹਨ।

ਔਰੰਗਜ਼ੇਬ : (ਹੋਰ ਡਰ ਕੇ) ਹੈਂ। ਆਹ ਨਾਹਰੇ ਤਾਂ ਬਿਲਕੁਲ ਨਜ਼ਦੀਕ ਸੁਣਾਈ

ਦੇਂਦੇ ਹਨ ।

ਅਵਾਜ਼ : ਮਹਾਂਰਾਸ਼ਟਰ ਦਾ ਬੱਚਾ ਬੱਚਾ ਮੁਗ਼ਲਾਂ ਨੂੰ ਦੱਖਣ ਵਿਚੋਂ ਕਢਣ ਲਈ ਉਠ ਖੜਾ ਹੋਇਆ ਹੈ ।

ਔਰੰਗਜ਼ੇਬ : ਦਿੱਲੀ ਤੋਂ ਭਾਰੀ ਫੌਜ਼ ਮੰਗਵਾ ਕੇ ਇਨ੍ਹਾਂ ਦੀ ਬਗ਼ਾਵਤ ਨੂੰ ਕੁਚਲ ਦਿਆਂਗਾ ।

ਅਵਾਜ਼ : ਸ਼ੁਮਾਲੀ ਹਿੰਦੁਸਤਾਨ ਵਿਚ ਤਾਂ ਅੱਗੇ ਹੀ ਕਈ ਸੂਬੇਦਾਰ ਹਕੂਮਤ ਦਾ ਜੂਲਾ ਲਾਹ ਦੇਣ ਦੀਆਂ ਗੋਂਦਾ ਗੁੰਦ ਰਹੇ ਨੇ ।

ਔਰੰਗਜ਼ੇਬ : ਜੀਊਂਦੇ-ਜੀ ਮੈਂ ਮੁਗਲ ਹਕੂਮਤ ਨੂੰ ਹਰਗਿਜ਼ ਕਮਜ਼ੋਰ ਨਹੀਂ ਹੋਣ ਦਿਆਂਗਾ ।

ਅਵਾਜ਼ : ਮੁਗ਼ਲ ਸਲਤਨਤ ਤਾਂ ਅਗੇ ਹੀ ਤੇਰੇ ਵਾਂਗ ਬੁੱਢੀ ਤੇ ਜਰਜਰੀ ਹੋ ਚੁੱਕੀ ਹੈ । ਤੂੰ ਹੀ ਉਸ ਦੀਆਂ ਜੜ੍ਹਾਂ ਖੋਖਲੀਆਂ ਕਰਨ ਦਾ ਜ਼ਿੰਮੇਵਾਰ ਹੈਂ ।

ਔਰੰਗਜ਼ੇਬ : ਹਰਗਿਜ਼ ਨਹੀਂ । ਪੂਰੇ ਅਠਤਾਲੀ ਸਾਲ ਮੈਂ ਇਸ ਨੂੰ ਮਜ਼ਬੂਤ ਬਣਾਉਣ ਲਈ ਦਿਨ-ਰਾਤ ਇਕ ਕੀਤਾ ਹੈ । ਕਦੇ ਫ਼ਰਜ ਤੋਂ ਕੋਤਾਹੀ ਨਹੀਂ ਕੀਤੀ । ਰੱਬ ਉਗਾਹ ਹੈ, ਮੈਂ ਮਿਹਨਤ, ਦਿਆਨਤ-ਦਾਰੀ ਤੇ ਸੱਚਾਈ ਨਾਲ ਆਪਣਾ ਫ਼ਰਜ਼ ਨਿਭਾਇਆ ਹੈ ।

ਅਵਾਜ਼ : ਤੂੰ ਖ਼ੁਸ਼ਾਮਦੀ ਲੋਕਾਂ ਤੋਂ 'ਆਲਮਗੀਰ ਜ਼ਿੰਦਾਬਾਦ' ਦੇ ਨਾਅਰੇ ਸੁਣ ਸੁਣ ਖ਼ੁਸ਼-ਫ਼ਹਿਮੀ ਵਿਚ ਰਿਹਾ ਹੈਂ । ਔਰੰਗਜ਼ੇਬ ! ਜਾਣਦਾ ਹੈਂ, ਹਕੂਮਤ ਦੀਆਂ ਨੀਹਾਂ ਕੌਣ ਪੱਕੀਆਂ ਕਰਦਾ ਹੈ ?

ਔਰੰਗਜ਼ੇਬ : ਹੁਕਮਰਾਨ ਦੇ ਮਜ਼ਬੂਤ ਹੱਥ ਔਰ ਪੁਖ਼ਤਾ ਇਰਾਦਾ ।

ਅਵਾਜ਼ : ਨਹੀਂ ਤੂੰ ਭੁਲੇਖੇ ਵਿਚ ਰਿਹਾ ਹੈਂ । ਅਸ਼ੋਕ ਤੇ ਅਕਬਰ ਵਾਂਗ ਲੋਕਾਂ ਦੇ ਦਿਲਾਂ ਨੂੰ ਜਿੱਤਣ ਨਾਲ ਰਾਜ ਦੀਆਂ ਨੀਹਾਂ ਪੱਕੀਆਂ ਹੁੰਦੀਆਂ ਹਨ । ਸਿੱਖ, ਮਰਾਠੇ, ਰਾਜਪੂਤ, ਸੰਤ, ਸਾਧੂ, ਸ਼ੀਆ, ਸੂਫ਼ੀ, ਕੁਲ ਹਿੰਦੂ ਜਾਤੀ ਤੇਰੀ ਹਕੂਮਤ ਤੋਂ ਦੁਖੀ ਹੈ ।

ਔਰੰਗਜ਼ੇਬ : ਮੈਂ ਦੀਨ ਈਮਾਨ ਨਾਲ ਅਵਾਮ ਦੀ ਬਿਹਤਰੀ ਲਈ ਹਰ ਮੁਮਕਿਨ ਕੋਸ਼ਿਸ਼ ਕੀਤੀ ਹੈ ।

ਅਵਾਜ਼ : ਸਿਰਫ਼ ਮੁੱਠੀ ਭਰ ਲੋਕਾਂ ਦੀ ਬਿਹਤਰੀ ਨੂੰ ਸਾਮ੍ਹਣੇ ਰਖਿਆ ਹੈ ।

[ਖ਼ੁਸ਼ੀ ਦੇ ਸ਼ਾਦਿਆਨੇ ਵਜਦੇ ਸੁਣਾਈ ਦਿੰਦੇ ਹਨ ।]

ਔਰੰਗਜ਼ੇਬ : ਮੇਰੇ ਹਰਮ ਵਿਚੋਂ ਕੈਸੀਆਂ ਅਵਾਜ਼ਾਂ ਉਠ ਰਹੀਆਂ ਹਨ । (ਡਰ ਕੇ

ਕੌਣ ਖ਼ੁਸ਼ੀਆਂ ਮਨਾ ਰਿਹਾ ਹੈ ?

ਅਵਾਜ਼ : ਸ਼ਾਹਜ਼ਾਦਾ ਮੁਅੱਜ਼ਮ ਦੀ ਫ਼ਤਹ ਹੋਂਦੀ ਹੈ। ਤੇਰਾ ਚਹੇਤਾ ਬੇਟਾ ਕਾਮ ਬਖ਼ਸ਼ ਤੇਰੇ ਸਾਮ੍ਹਣੇ ਕਤਲ ਕੀਤਾ ਜਾਵੇਗਾ।

ਔਰੰਗਜ਼ੇਬ : (ਅੱਤ ਡਰ ਤੇ ਘਬਰਾਹਟ ਵਿਚ) ਮੁਅੱਜ਼ਮ, ਮੇਰੇ ਜੀਉਂਦੇ-ਜੀ ਇਹ ਗੁਨਾਹ ਨਾ ਕਰੀਂ।

ਅਵਾਜ਼ : ਸਫ਼ੈਦ ਸੱਪ ਔਰੰਗਜ਼ੇਬ, ਆਪਣਾ ਬੀਜਿਆ ਤੈਨੂੰ ਵਢਣਾ ਹੀ ਪਵੇਗਾ।

ਔਰੰਗਜ਼ੇਬ : ਗੁਸਤਾਖ਼ ਲੜਕੀ, ਤੂੰ ਕੌਣ ਹੈਂ ?

ਅਵਾਜ਼ : ਲੋਕਾਂ ਦੀਆਂ ਚੀਕਾਂ-ਪੁਕਾਰਾਂ ਸੁਣ ਸੁਣ ਕੇ ਤੇਰੇ ਕੰਨ ਬੋਲੇ ਹੋ ਚੁੱਕੇ ਹਨ। ਤੂੰ ਆਜਿਜ਼ ਭੈਣ ਦੀ ਅਵਾਜ਼ ਕਿਸ ਤਰ੍ਹਾਂ ਪਛਾਣ ਸਕਦਾ ਹੈਂ।

ਔਰੰਗਜ਼ੇਬ : ਬਦ-ਤਮੀਜ਼ ਜਹਾਨ ਆਰਾ ! ਬਕਵਾਸ ਬੰਦ ਕਰ।

ਅਵਾਜ਼ : ਜ਼ਹਿਰੀਲੇ ਸੱਪ ਔਰੰਗਜ਼ੇਬ, ਯਾਦ ਕਰ ਤੂੰ ਆਪਣੇ ਬਾਪ, ਭਰਾਵਾਂ ਤੇ ਭਤੀਜਿਆਂ ਨਾਲ ਕਿਆ ਸਲੂਕ ਕੀਤਾ ਸੀ। ਉਸ ਭਰਾ ਦਾਰਾ ਨੂੰ, ਜੋ ਅਕਬਰ ਵਾਂਗ ਹਿੰਦੁਸਤਾਨ ਨੂੰ ਮਜ਼ਬੂਤ ਬਣਾਉਣਾ ਚਾਹੁੰਦਾ ਸੀ, ਤੂੰ ਕਾਫ਼ਰ ਕਰਾਰ ਦੇ ਕੇ ਬੇਰਹਿਮੀ ਨਾਲ ਮਰਵਾਇਆ, ਫੇਰ ਉਸ ਦਾ ਮੁਰਦਾ ਦਿੱਲੀ ਦੀਆਂ ਗਲੀਆਂ ਵਿਚ ਰੋਲਿਆ।

ਔਰੰਗਜ਼ੇਬ : ਇਹ ਤਾਂ ਮੁਗ਼ਲ ਸਲਤਨਤ ਦੀ ਬਹਿਬੂਦੀ ਲਈ ਜ਼ਰੂਰੀ ਸੀ।

ਅਵਾਜ਼ : ਠੀਕ ! ਕਾਮ ਬਖ਼ਸ਼ ਦਾ ਕਤਲ ਵੀ ਇਸੇ ਕਾਰਨ ਲਾਜ਼ਮੀ ਹੈ।

ਔਰੰਗਜ਼ੇਬ : (ਹੱਥਾਂ ਨਾਲ ਅੱਖਾਂ ਢੱਕ ਕੇ) ਬੇਟੇ ਮੁਅੱਜ਼ਮ, ਮੇਰੀਆਂ ਅੱਖਾਂ ਸਾਮ੍ਹਣੇ ਇਹ ਗੁਨਾਹ ਨਾ ਕਰੀਂ !

ਅਵਾਜ਼ : ਫੇਰ ਕੀਤੇ ਗੁਨਾਹਾਂ ਦਾ ਤੈਨੂੰ ਅਹਿਸਾਸ ਕਿਸ ਤਰ੍ਹਾਂ ਹੋਵੇਗਾ ?

ਔਰੰਗਜ਼ੇਬ : ਜਹਾਨ ਆਰਾ, ਰੱਬ ਦੇ ਵਾਸਤੇ, ਇਸ ਗੁਨਾਹ ਨੂੰ ਰੋਕ।

ਅਵਾਜ਼ : ਪੱਥਰ-ਦਿਲ ਔਰੰਗਜ਼ੇਬ, ਯਾਦ ਕਰ ਉਹ ਦਿਨ ਜਿਸ ਘੜੀ ਤਾਜ ਮਹੱਲ ਦੀ ਮੋਤੀ ਮਸਜਦ ਵਿਚ ਤੂੰ ਆਪਣੇ ਕੈਦੀ ਬਾਪ ਨੂੰ ਦਾਰਾ ਦਾ ਸਿਰ ਤੋਹਫ਼ੇ ਦੇ ਤੌਰ ਤੇ ਭੇਜਿਆ ਸੀ ਔਰ ਉਸ ਦੀ ਬਜ਼ੁਰਗੀ ਦਾ ਮਖ਼ੌਲ ਉਡਾਇਆ ਸੀ।

ਔਰੰਗਜ਼ੇਬ : ਜਹਾਨ ਆਰਾ, ਮੈਂ ਭਾਰੀ ਗੁਨਾਹਗਾਰ ਹਾਂ, ਤਰਸ ਕਰ।

ਅਵਾਜ਼ : ਤੂੰ ਪੂਰੇ ਅਠਤਾਲੀ ਸਾਲ, ਖ਼ੁਦਾ ਦੀ ਖ਼ਲਕਤ ਉਤੇ ਤਰਸ ਨਹੀਂ ਕੀਤਾ। ਖ਼ੁਦਾ ਤੈਨੂੰ ਕਿਸ ਤਰ੍ਹਾਂ ਬਖ਼ਸ਼ੇਗਾ। ਪਰਜਾ ਖ਼ੁਦਾ ਦੀ ਅਵਾਜ਼ ਹੈ, ਤੂੰ ਉਸ ਮੁਤਬਰਕ ਅਵਾਜ਼ ਨੂੰ ਨਹੀਂ ਸੁਣਿਆ। ਲੋਕੀ ਤੇਰੇ ਕੋਲੋਂ ਡਰਦੇ ਜ਼ਰੂਰ ਹਨ, ਪਰ ਤੈਨੂੰ ਕੋਈ ਪਿਆਰ ਨਹੀਂ ਕਰਦਾ। ਤੇਰਾ ਦਿਲ ਇੰਨਾਂ ਹੀ ਕਾਲਾ ਹੈ, ਜਿੰਨਾ ਤੇਰਾ ਦਿਲ ਸ਼ਰਾਰਤਾਂ

ਨਾਲ ਭਰਿਆ ਹੋਇਆ ਹੈ। ਜਦੋਂ ਤੇਰੇ ਹੁਕਮ ਨਾਲ ਲੋਕੀ ਕਤਲ ਹੁੰਦੇ ਸਨ ਤਾਂ ਤੇਰੀਆਂ ਅੱਖਾਂ ਸ਼ਰਾਰਤ ਨਾਲ ਮੁਸਕਰਾਉਂਦੀਆਂ ਸਨ. ਯਾਦ ਰੱਖ, ਮਗ਼ਰਬ ਵਲੋਂ ਐਸਾ ਤੂਫ਼ਾਨ ਉਠ ਰਿਹਾ ਹੈ, ਜੋ ਤੇਰੀ ਹਕੂਮਤ ਨੂੰ ਤਹਿਸ ਨਹਿਸ ਕਰ ਦੇਵੇਗਾ।

ਔਰੰਗਜ਼ੇਬ : ਮੈਨੂੰ ਕਤਲ ਕਰ ਦਿਓ, ਮਗਰ ਮੁਗ਼ਲ ਹਕੂਮਤ ਨੂੰ ਕੋਈ ਜ਼ੁਅਫ ਨਾ ਪੁੱਜਣ ਦਿਓ।

[ਔਰਤਾਂ ਦੀਆਂ ਚੀਕਾਂ ਦੀ ਅਵਾਜ਼ ਸੁਣਾਈ ਦਿੰਦੀ ਹੈ।]

ਔਰੰਗਜ਼ੇਬ : ਬੇਟਾ ਮੁਅੱਜ਼ਮ, ਬੇਗਮ ਊਦੇਪੁਰੀ ਨੂੰ ਨਾ ਮਾਰ। ਇਸਨੇ ਮੇਰੀ ਬਹੁਤ ਖ਼ਿਦਮਤ ਕੀਤੀ ਹੈ। ਖ਼ੁਦਾ ਦੇ ਵਾਸਤੇ ਇਸ ਦੀ ਜਾਨ ਬਖ਼ਸ਼, ਮੇਰਾ ਤਾਜੋ-ਤਖ਼ਤ ਖ਼ੁਸ਼ੀ ਨਾਲ ਸਾਂਭ ਲੈ।

ਅਵਾਜ : (ਵਿਅੰਗ ਭਰੇ ਹਾਸੇ ਨਾਲ) ਤਖ਼ਤੋ-ਤਾਜ ਦੇਣ ਵਾਲਾ ਤੂੰ ਕੌਣ ਹੈਂ ? ਔਰੰਗਜ਼ੇਬ, ਤੇਰੀ ਖ਼ੁਦੀ ਖ਼ੁਦਾ ਤੋਂ ਵੀ ਉੱਚੀ ਹੈ। ਇਸ ਵਾਸਤੇ ਹੀ ਅੱਲਾਹ ਨੇ ਤੈਨੂੰ ਭੁਲਾ ਦਿੱਤਾ ਹੈ।

[ਜ਼ੀਨਤ ਛੇਤੀ ਛੇਤੀ ਅੰਦਰ ਦਾਖ਼ਲ ਹੁੰਦੀ ਹੈ।

ਔਰੰਗਜ਼ੇਬ : (ਡਰ ਨਾਲ ਕੰਬਦਾ ਹੋਇਆ) ਇਹ ਕਿਆ ਹੈ ?

ਅਵਾਜ਼ : (ਤਾਹਨੇ ਨਾਲ) ਤੇਰੇ ਲਈ ਇਕ ਸੁਗਾਤ! ਤਸ਼ਤਰੀ ਵਿਚ ਕਾਮ ਬਖ਼ਸ਼ ਦਾ ਸਿਰ।

ਔਰੰਗਜ਼ੇਬ : (ਦਿਲੀ ਦੁਖ ਨਾਲ ਚੀਕਦਾ ਹੋਇਆ) ਨਹੀਂ ! ਨਹੀਂ !!

[ਮਾਨਸਕ ਧੱਕੇ ਨਾਲ ਡਿਗਣ ਲਗਦਾ ਹੈ, ਪਰ ਜ਼ੀਨਤ ਉਸ ਨੂੰ ਹੱਥਾਂ ਤੇ ਥੋਚਦੀ ਹੈ।]

ਜ਼ੀਨਤ : ਅੱਬਾ ਜਾਨ ! ਅੱਬਾ ਜਾਨ !!

ਔਰੰਗਜ਼ੇਬ : (ਇਕ-ਦਮ ਆਪਣੇ ਆਪ ਨੂੰ ਛੁਡਾ ਕੇ) ਮੈਨੂੰ ਨਾ ਮਾਰੋ। ਦੁਖ ਔਰ ਗ਼ਮ ਨਾਲ ਮੈਂ ਅੱਗੇ ਹੀ ਮਰਿਆ ਹੋਇਆ ਹਾਂ।

ਜ਼ੀਨਤ : (ਝੂਣ ਕੇ ਜਗਾਉਂਦੀ ਹੋਈ) ਅੱਬਾ ਜਾਨ, ਮੈਂ ਹਾਂ ਆਪ ਦੀ ਬੇਟੀ ਜ਼ੀਨਤ।

ਔਰੰਗਜ਼ੇਬ : ਮੈਨੂੰ ਮਾਰਨ ਦਾ ਤੈਨੂੰ ਕੀ ਫ਼ਾਇਦਾ ਹੋਵੇਗਾ।

ਜ਼ੀਨਤ : ਅੱਬਾ, ਹੋਸ਼ ਵਿਚ ਆਓ। ਆਪ ਦੀ ਪਿਆਰੀ ਬੇਟੀ ਜ਼ੀਨਤ ਤੋਂ ਬਿਨਾਂ ਹੋਰ ਕੋਈ ਨਹੀਂ ਇੱਥੇ।

ਔਰੰਗਜ਼ੇਬ : (ਅੱਧ ਹੋਸ਼ੀ ਵਿਚ) ਠੀਕ ਹੈ, ਤੂੰ ਕੋਈ ਬੇਟਾ ਹੈਂ ਜੋ ਮੇਰੇ ਖ਼ੂਨ ਦੀ ਪਿਆਸੀ ਹੋਵੇਂਗੀ।

ਜ਼ੀਨਤ : ਅੱਬਾ, ਹਰ ਬੇਟੀ ਬਾਪ ਦਾ ਭਲਾ ਚਾਹੁੰਦੀ ਹੈ।

ਔਰੰਗਜ਼ੇਬ : (ਹੋਸ਼ ਵਿਚ ਆ ਕੇ) ਕੌਣ ? ਬੇਟੀ ਜ਼ੀਨਤ ! (ਸ਼ਕ ਨਾਲ ਆਲੇ ਦੁਆਲੇ ਦੇਖ ਕੇ) ਤੂੰ ਬਿਨਾਂ ਇਜਾਜ਼ਤ ਅੰਦਰ ਕਿਉਂ ਆਈ ਹੈਂ ?

ਜ਼ੀਨਤ : ਅੱਬਾ ਜਾਨ, ਤੁਹਾਡੀਆਂ ਚੀਖ਼ਾਂ ਸੁਣ ਕੇ ਮੈਂ ਰਹਿ ਨਾ ਸਕੀ।

ਔਰੰਗਜ਼ੇਬ : (ਕੁਝ ਯਾਦ ਕਰਦਾ ਹੋਇਆ) ਮੇਰੀਆਂ ਚੀਖ਼ਾਂ ?

ਜ਼ੀਨਤ : ਅੱਬਾ ਜਾਨ, ਮੈਦਾਨੇ ਜੰਗ ਵਿਚ ਵੀ ਤੁਸੀਂ ਨਮਾਜ਼ ਦਾ ਵਕਤ ਨਹੀਂ ਸੀ ਖੁੰਝਾਇਆ।

ਔਰੰਗਜ਼ੇਬ : ਕਿਆ ਫ਼ਜਰ ਦੀ ਨਮਾਜ਼ ਦਾ ਵਕਤ ਹੋ ਚੁੱਕਾ ਹੈ। (ਯਾਦ ਕਰ ਕੇ) ਉਫ਼ ! ਬੇਟੀ ਜ਼ੀਨਤ, ਅਜ ਮੈਨੂੰ ਨਿਹਾਇਤ ਖ਼ੌਫ਼ਨਾਕ ਖ਼ਾਬ ਆਇਆ ਹੈ। ਐਸੀ ਡਰਾਉਣੀ ਰਾਤ ! ਤੋਬਾ ਤੌਬਾ !! ਸਾਰੀ ਰਾਤ ਇਕ ਪਲ ਨਹੀਂ ਸੌਂ ਸਕਿਆ। ਯਾ ਮੇਰੇ ਮੌਲਾ, ਰਹਿਮ ਕਰ !

ਜ਼ੀਨਤ : ਅੱਬਾ ਜਾਨ, ਤੁਸੀਂ ਜ਼ਿਆਦਾ ਫ਼ਿਕਰਮੰਦ ਰਹਿੰਦੇ ਹੋ। ਸੁਪਨਾ ਕਿਆ ਸੀ ?

ਔਰੰਗਜ਼ੇਬ : ਬੇਟੀ ਦੱਸਣ ਵਾਲੀ ਗੱਲ ਨਹੀਂ। ਪਹਿਲਾਂ ਮੈਨੂੰ ਮਸਜਦ ਤਕ ਲੈ ਚੱਲ। ਮੈਂ ਅਬਾਦਤ ਕਰ ਆਵਾਂ ਮਤੇ ਮੇਰੇ ਮਨ ਨੂੰ ਚੈਨ ਆਵੇ।

ਜ਼ੀਨਤ : (ਦਿਲੀ ਹਮਦਰਦੀ ਨਾਲ ਹੱਥ ਫੜ ਕੇ) ਚਲੋ ਅੱਬਾ ਜਾਨ।

ਔਰੰਗਜ਼ੇਬ : (ਬੇਟੀ, ਹੋਰ ਵੀ ਕਿਸੇ ਨੂੰ ਮੇਰੀ ਹਾਲਤ ਦਾ ਪਤਾ ਲੱਗਾ ਹੈ ?

ਜ਼ੀਨਤ : (ਡਰਦੀ ਹੋਈ) ਅੰਮੀ ਬੇਗਮ ਨੇ ਹੀ ਮੈਨੂੰ ਜਗਾਇਆ ਸੀ। ਉਨ੍ਹਾਂ ਨੇ ਤਾਂ ਸ਼ਾਹੀ ਹਕੀਮ ਨੂੰ ਵੀ ਬੁਲਾ ਭੇਜਿਆ ਹੈ, ਸ਼ਾਇਦ......

ਔਰੰਗਜ਼ੇਬ : ਬੇਗਮ ਮੇਰੀ ਆਦਤ ਤੋਂ ਵਾਕਫ਼ ਹੈ, ਉਸ ਨੇ ਕਿਉਂ ਹਕੀਮ ਨੂੰ ਬੁਲਾਇਆ ?

ਜ਼ੀਨਤ : ਅੱਬਾ ਜਾਨ, ਆਪ ਦੀ ਹਾਲਤ ਦੇਖ ਕੇ ਕੰਧਾਂ ਵੀ ਕੰਬ ਰਹੀਆਂ ਸਨ।

ਔਰੰਗਜ਼ੇਬ : ਮੈਂ ਖ਼ੁਦ ਵੀ ਜ਼ਿੰਦਗੀ ਵਿਚ ਇਤਨਾ ਕਦੇ ਨਹੀਂ ਡਰਿਆ। ਮੇਰਾ ਸਾਰਾ ਵਜੂਦ ਕੰਬ ਗਿਆ ਹੈ। ਛੇਤੀ ਚਲ।

[ਉਨ੍ਹਾਂ ਦੇ ਜਾਣ ਪਿਛੋਂ ਬਜ਼ੁਰਗ ਬੇਗਮ ਊਦੇਪੁਰੀ (ਔਰੰਗਜ਼ੇਬ ਦੀ ਇਤਾਲਵੀ

ਤੀਜੀ ਬੀਵੀ, ਸ਼ਾਹਜ਼ਾਦਾ ਕਾਮ ਬਖ਼ਸ਼ ਦੀ ਮਾਂ, ਜਿਸ ਨੂੰ ਔਰੰਗਜ਼ੇਬ ਸਭ ਤੋਂ ਵਧ ਚਾਹੁੰਦਾ ਸੀ ਤੇ ਜਿਸ ਨੇ ਪਿਛਲੀ ਉਮਰ ਵਿਚ ਉਸ ਦੀ ਬਹੁਤ ਸੇਵਾ ਕੀਤੀ ਸੀ।) ਡਰਦੀ ਡਰਦੀ ਅੰਦਰ ਦਾਖ਼ਲ ਹੁੰਦੀ ਹੈ।]

ਬੇਗਮ ਊਦੇਪੁਰੀ : ਹਕੀਮ ਸਾਹਿਬ, ਅੰਦਰ ਆ ਜਾਓ।

ਸ਼ਾਹੀ ਹਕੀਮ : (ਝੁਕ ਕੇ ਸਲਾਮ ਕਰਦਾ ਹੋਇਆ) ਆਦਾਬ ਅਰਜ਼ ਬੇਗਮ ਸਾਹਿਬਾ। (ਆਲੇ-ਦੁਆਲੇ ਦੇਖ ਕੇ) ਜਹਾਨ ਪਨਾਹ ਨਜ਼ਰ ਨਹੀਂ ਆ ਰਹੇ ?

ਬੇਗਮ : ਨਮਾਜ਼ ਤੋਂ ਵਾਪਸ ਨਹੀਂ ਆਏ।

ਸ਼ਾਹੀ ਹਕੀਮ : ਬੇਗਮ ਸਾਹਿਬਾ, ਜ਼ਰਾ ਗ਼ੌਰ ਨਾਲ ਦੇਖੋ, ਸਭ ਚੀਜ਼ਾਂ ਖਿੰਡਰੀਆਂ ਹੋਈਆਂ ਹਨ।

ਬੇਗਮ : (ਕੁਝ ਚੁਕ ਕੇ) ਆਹ ਤਸਬੀਹ ਵੀ ਡਿੱਗੀ ਪਈ ਹੈ।

ਹਕੀਮ : ਸਾਫ਼ ਜ਼ਾਹਰ ਹੈ, ਹਜ਼ੂਰ ਦੇ ਮਨ ਦੀ ਹਾਲਤ ਗ਼ੈਰ-ਮਾਮੂਲੀ ਤੌਰ ਤੇ ਖ਼ਰਾਬ ਹੈ।

ਬੇਗਮ : ਖ਼ਾਨ ਬਹਾਦਰ, ਆਪ ਵੀ ਆ ਗਏ ? ਤਸ਼ਰੀਫ਼ ਲੈ ਆਓ ਅੰਦਰ।

ਅਸਦ ਖ਼ਾਨ : (ਝੁਕ ਕੇ) ਸਲਾਮ, ਬੇਗਮ ਸਾਹਿਬਾ !

ਸ਼ਾਹੀ ਹਕੀਮ : ਆਦਾਬ ਅਰਜ਼, ਖ਼ਾਨ ਬਹਾਦਰ।

ਅਸਦ ਖ਼ਾਨ : (ਉਸ ਨੂੰ ਸਿਰ ਨਾਲ ਜਵਾਬ ਦੇ ਕੇ) ਕਿਆ ਹੁਕਮ ਹੈ, ਬੇਗਮ ਸਾਹਿਬਾ ?

ਬੇਗਮ : ਜਹਾਨ ਪਨਾਹ ਅਜ ਨਿਹਾਇਤ ਪਰੇਸ਼ਾਨ ਹੈਂ। ਹਜ਼ੂਰ ਦੀ ਅਵਾਜ਼ ਸੁਣ ਕੇ ਮੈਂ ਬੇਟੀ ਜ਼ੀਨਤ ਨੂੰ ਜਗਾਇਆ। ਪਹਿਲਾਂ ਤਾਂ ਅਸੀਂ ਬਹੁਤ ਡਰੀਆਂ। ਅਖ਼ੀਰ ਮੁਸ਼ਕਲ ਨਾਲ ਬੇਟੀ ਨੂੰ ਕਮਰੇ ਅੰਦਰ ਜਾਣ ਲਈ ਮਜਬੂਰ ਕੀਤਾ।

ਅਸਦ ਖ਼ਾਨ : ਬੜੀ ਚਿੰਤਾ ਦੀ ਬਾਤ ਹੈ। ਜਹਾਨ ਪਨਾਹ ਤਾਂ ਨਿਹਾਇਤ ਪੁਖ਼ਤਾ ਇਰਾਦੇ ਦੇ ਮਾਲਕ ਹਨ। ਖ਼ੁਦਾ-ਪ੍ਰਸਤ ਹੋਣ ਕਰਕੇ ਆਪ ਔਖੇ ਤੋਂ ਔਖੇ ਵਕਤ ਸਾਬਤ-ਕਦਮ ਰਹਿੰਦੇ ਹਨ।

ਸ਼ਾਹੀ ਹਕੀਮ : ਇਹ ਹੀ ਮੈਂ ਸੋਚ ਰਿਹਾ ਹਾਂ—ਐਨੇ ਮੁਸਤਕਿਲ-ਮਿਜ਼ਾਜ ਕਮ ਇਨਸਾਨ ਹੈਂ।

ਅਸਦ ਖ਼ਾਨ : ਮੁਹਤਰਮ ਬੇਗਮ ਸਾਹਿਬ ਦਾ ਕਿਆ ਖ਼ਿਆਲ ਹੈ ?

ਬੇਗਮ : ਜਹਾਨ ਪਨਾਹ ਦਿਲ ਦਾ ਭੇਦ ਕਿਸੇ ਨੂੰ ਨਹੀਂ ਦਿੰਦੇ । ਮੈਂ ਸੋਚਿਆ ਆਪ ਹਜ਼ੂਰ ਦੇ ਜਿਗਰੀ ਦੋਸਤ ਹੋ, ਸ਼ਾਇਦ ਆਪ ਨੂੰ ਮਨ ਦੀ ਬਾਤ ਦਸ ਦੇਣ ।

ਅਸਦ ਖ਼ਾਨ : ਬੇਗ਼ਮ ਸਾਹਿਬਾ, ਜੇ ਜ਼ਾਤੀ ਮਾਮਲਾ ਹੋਇਆ ਫੇਰ ਤਾਂ ਆਪ ਯਾ ਬੇਟੀ ਜ਼ੀਨਤ ਨਾਲ ਮਸ਼ਵਰਾ ਕਰਨਗੇ । ਜਿਸਮਾਨੀ ਬੀਮਾਰੀ ਦਾ ਇਲਾਜ ਹਕੀਮ ਸਾਹਿਬ ਕਰ ਸਕਦੇ ਹਨ ! ਹਾਂ, ਅਗਰ ਕੋਈ ਮੁਲਕੀ ਮਸਲਾ ਹੋਇਆ ਤਾਂ ਸ਼ਾਇਦ ਹਜ਼ੂਰ ਮੇਰੀ ਸਲਾਹ ਪੁਛ ਲੈਣ ।

ਹਕੀਮ : ਬੇਗਮ ਸਾਹਿਬਾ, ਕਿਸ ਵਕਤ ਆਪ ਨੇ ਜਹਾਨ ਪਨਾਹ ਦੀਆਂ ਅਵਾਜ਼ਾਂ ਸੁਣੀਆਂ ?

ਬੇਗਮ : ਫ਼ਜਰ ਦੀ ਅਜ਼ਾਨ ਤੋਂ ਕੁਝ ਦੇਰ ਬਾਅਦ ਦੀ ਗੱਲ ਹੈ । ਮੇਰੀ ਆਪਣੀ ਸਿਹਤ ਠੀਕ ਨਹੀਂ ।

ਅਸਦ ਖ਼ਾਨ : ਉਸ ਤੋਂ ਅੱਗੇ ਬੇਗਮ ਸਾਹਿਬ ?

ਬੇਗਮ : ਅਸੀਂ ਕੁਛ ਦੇਰ ਦਰਵਾਜ਼ੇ ਨਾਲ ਕੰਨ ਲਾ ਕੇ ਸੁਣਦੀਆਂ ਰਹੀਆਂ । ਮੈਂ ਅੰਦਰ ਜਾਣ ਤੋਂ ਝਿਜਕਦੀ ਸਾਂ । ਜਹਾਨ ਪਨਾਹ ਜ਼ਾਤੀ ਮਾਮਲੇ ਵਿਚ ਕਿਸੇ ਦੀ ਦਖ਼ਲ-ਅੰਦਾਜ਼ੀ ਬਰਦਾਸ਼ਤ ਨਹੀਂ ਕਰਦੇ ।

ਹਕੀਮ : ਬੇਟੀ ਜ਼ੀਨਤ ਦੇ ਅੰਦਰ ਜਾਣ ਤੋਂ ਬਾਅਦ ਕਿਆ ਹੋਇਆ ।

ਬੇਗਮ : ਜ਼ੀਨਤ ਨੇ ਕਈ ਅਵਾਜ਼ਾਂ ਮਾਰੀਆਂ, ਹਜ਼ੂਰ ਨੇ ਸਗੋਂ ਉਲਟਾ ਮਤਲਬ ਕਢਿਆ । ਡਰ ਨਾਲ ਬਲਕਿ ਉੱਚੀ ਚੀਖ਼ ਮਾਰੀ ।

ਅਸਦ ਖ਼ਾਨ : ਹਕੀਮ ਸਾਹਿਬ, ਇਹ ਕਿਆ ਮਰਜ਼ ਹੈ ?

ਸ਼ਾਹੀ ਹਕੀਮ : ਖ਼ਤਰਨਾਕ ਜ਼ਿਹਨੀ ਬੀਮਾਰੀ ਹੈ ।

ਬੇਗਮ : ਅਸਲ ਮੇਂ ਜਹਾਨ ਪਨਾਹ ਕੁਛ ਮਹੀਨਿਆਂ ਤੋਂ ਜ਼ਿਆਦਾ ਹੀ ਗ਼ਮਗੀਨ ਰਹਿੰਦੇ ਹਨ ।

ਅਸਦ ਖ਼ਾਨ : ਬੇਗਮ ਸਾਹਿਬਾ, ਇਸ ਦੇ ਕਈ ਸਬੱਬ ਹਨ ।

ਹਕੀਮ : ਪਰ ਅਜ ਦੇ ਵਾਕਿਆਤ ਤੋਂ, ਸਾਫ਼ ਜ਼ਾਹਰ ਹੈ ਕਿ ਦਿਮਾਗ ਨੂੰ ਕੋਈ ਅਚਾਨਕ ਸਦਮਾ ਪਹੁੰਚਿਆ ਹੈ ।

ਅਸਦ ਖ਼ਾਨ : ਬੇਗਮ ਸਾਹਿਬਾ, ਰਾਤ ਕੋਈ ਬੁਰੀ ਖ਼ਬਰ ਤਾਂ ਨਹੀਂ ਮਿਲੀ ?

ਬੇਗਮ : ਬੇਟੀ ਜ਼ੀਨਤ ਨੂੰ ਸ਼ਾਇਦ ਕੁਝ ਦਸਿਆ ਹੋਵੇ । ਮੇਰੇ ਨਾਲ ਕੋਈ ਬਾਤ ਨਹੀਂ ਕੀਤੀ । ਬਲਕਿ ਆਪ ਨੂੰ ਜ਼ਿਆਦਾ ਪਤਾ ਹੋ ਸਕਦਾ ਹੈ ।

ਅਸਦ ਖ਼ਾਨ : ਵੈਸੇ ਤਾਂ ਹਜ਼ੂਰ ਕਈ ਦਿਨਾਂ ਤੋਂ ਸਖ਼ਤ ਪਰੇਸ਼ਾਨ ਹਨ ।

ਬੇਗਮ : (ਉਤਸਕਤਾ ਨਾਲ) ਇਸ ਦਾ ਮਤਲਬ ਆਪ ਨੂੰ ਕੁਛ ਪਤਾ ਹੈ, ਦਸੋ ?

ਅਸਦ ਖ਼ਾਨ : ਬੇਸ਼ਕ ਮੁਲਕ ਭਰ ਤੋਂ ਹਰ ਪਲ ਬੁਰੀਆਂ ਖ਼ਬਰਾਂ ਆਉਂਦੀਆਂ ਹਨ। ਪਰ ਪਿਛਲੇ ਚੌਂਹ ਸਾਲਾਂ ਵਿਚ ਦੱਖਣ ਵਿਚ ਲੱਖਾਂ ਆਦਮੀ ਕਹਿਤ ਤੇ ਹੈਜ਼ੇ ਦਾ ਸ਼ਿਕਾਰ ਹੋਏ ਹਨ, ਜਹਾਨ ਪਨਾਹ ਆਪਣੇ ਆਪ ਨੂੰ ਉਨ੍ਹਾਂ ਦੀ ਮੌਤ ਦਾ ਜ਼ਿੰਮੇਵਾਰ ਸਮਝਦੇ ਸਨ।

ਹਕੀਮ : ਮੁਆਫ਼ ਕਰਨਾ, ਮੈਂ ਆਪ ਦਾ ਹਮ-ਖ਼ਿਆਲ ਨਹੀਂ। ਹਜ਼ੂਰ ਬੁਰੀਆਂ ਤੋਂ ਬੁਰੀਆਂ ਖ਼ਬਰਾਂ ਸੁਣਨ ਦੇ ਆਦੀ ਹਨ। ਆਪ ਦਾ ਦਿਲ ਨਹਾਇਤ ਮਜ਼ਬੂਤ ਹੈ। ਜਹਾਨ ਪਨਾਹ ਦੇ ਦਿਮਾਗ ਨੂੰ ਅਚਾਨਕ ਕੋਈ ਭਾਰੀ ਝਟਕਾ ਲੱਗਾ ਮਲੂਮ ਹੁੰਦਾ ਹੈ।

ਅਸਦ ਖ਼ਾਨ : ਮੁਮਕਿਨ ਹੈ, ਕੋਈ ਖ਼ੁਫ਼ੀਆ ਖ਼ਬਰ ਮਿਲੀ ਹੋਵੇ। ਉਹ ਮਹਿਕਮਾ ਸਿੱਧਾ ਹਜ਼ੂਰ ਦੇ (ਮਾਤਹਿਤ) ਹੈ।

ਬੇਗਮ : ਲੜਾਈ-ਭਿੜਾਈ ਦੀਆਂ ਖ਼ਬਰਾਂ ਤੋਂ ਜਹਾਨ ਪਨਾਹ ਕਦੇ ਨਹੀਂ ਘਬਰਾਂਦੇ। ਬਲਕਿ ਹਜ਼ੂਰ ਤਾਂ ਕਈ ਦਫ਼ਾ ਮੁਹਾਵਰਾ ਵਰਤਦੇ ਹੁੰਦੇ ਹਨ—ਜੇਡਾ ਸਿਰ ਤੇਡੀ ਸਿਰ ਪੀੜਾ—

[ਹਕੀਮ ਇਕ-ਦਮ ਇਸ਼ਾਰਾ ਕਰਦਾ ਹੈ। ਸਾਰੇ ਸਹਿਮ ਜਾਂਦੇ ਹਨ ਅਤੇ ਅਦਬ ਨਾਲ ਝੁਕਦੇ ਹਨ।]

ਔਰੰਗਜ਼ੇਬ : (ਸ਼ੱਕੀ ਨਜ਼ਰ ਨਾਲ ਦੇਖਦਾ ਹੋਇਆ) ਕਿਆ ਸਾਜ਼ਿਸ਼ ਹੋ ਰਹੀ ਹੈ ?

ਬੇਗਮ : (ਡਰਦੀ ਹੋਈ) ਕੋਈ ਸਾਜ਼ਿਸ਼ ਨਹੀਂ ਆਕਾ, ਹਜ਼ੂਰ ਦੀ ਸਿਹਤ ਦੇ ਫ਼ਿਕਰ ਵਿਚ ਖੜੇ ਹਾਂ।

ਔਰੰਗਜ਼ੇਬ : (ਮੁਸਕਰਾਂਦਾ ਹੋਇਆ) ਤੂੰ ਕਿਤੇ ਕਾਮ ਬਖ਼ਸ਼ ਨੂੰ ਇਤਲਾਹ ਤਾਂ ਨਹੀਂ ਭੇਜ ਦਿੱਤੀ।

ਬੇਗਮ : (ਕੰਨਾਂ ਨੂੰ ਹੱਥ ਲਾ ਕੇ) ਹਜ਼ੂਰ ਦੇ ਹੁਕਮ ਤੋਂ ਬਿਨਾਂ ਮੈਂ ਕਦੇ ਐਸਾ ਕਦਮ ਨਹੀਂ ਪੁਟ ਸਕਦੀ।

ਔਰੰਗਜ਼ੇਬ : ਅਸਦ ਖ਼ਾਨ ਨੂੰ ਕਿਸ ਨੇ ਬੇਵਕਤ ਤਕਲੀਫ਼ ਦਿੱਤੀ ਹੈ ?

ਅਸਦ ਖ਼ਾਨ : (ਝੁਕਦਾ ਹੋਇਆ) ਬੇਟੀ ਜ਼ੀਨਤ ਦਾ ਪੈਗ਼ਾਮ ਗਿਆ ਸੀ ਕਿ ਜਹਾਨ ਪਨਾਹ ਦੀ ਤਬੀਅਤ ਸਖ਼ਤ ਨਾਸਾਜ਼ ਹੈ।

ਔਰੰਗਜ਼ੇਬ : (ਜ਼ੀਨਤ ਵਲ ਪਿਆਰ ਨਾਲ ਦੇਖਦਾ ਹੋਇਆ) ਮੇਰੀ ਬੇਟੀ ਨੂੰ ਜ਼ਰੂਰਤ ਤੋਂ ਜ਼ਿਆਦਾ ਫ਼ਿਕਰ ਰਹਿੰਦੀ ਹੈ। ਪਿਛਲੇ ਤੀਹ ਸਾਲਾਂ

ਤੋਂ ਇਹ ਮੇਰੀ ਖ਼ਿਦਮਤ ਕਰ ਰਹੀ ਹੈ। ਖ਼ੁਦਾ ਹਰ ਬਸ਼ਰ ਨੂੰ ਐਸੀ ਨੇਕ-ਬਖ਼ਤ ਬੇਟੀ ਦੇ।

ਬੇਗਮ : ਜਹਾਨ ਪਨਾਹ ਦੀ ਖ਼ਿਦਮਤ ਤੋਂ ਬਿਨਾਂ ਮੇਰੀ ਵੀ ਜ਼ਿੰਦਗੀ ਦਾ ਕੋਈ ਮਕਸਦ ਨਹੀਂ।

ਔਰੰਗਜ਼ੇਬ : (ਮੁਸਕਰਾਂਦਾ ਹੋਇਆ) ਬੇਗਮ ਉਦੈਪੁਰੀ, ਤੂੰ ਆਪਣੀ ਜਗ੍ਹਾ ਹੈਂ, ਬੇਟੀ ਆਪਣੀ ਜਗ੍ਹਾ ਹੈ।

ਅਸਦ ਖ਼ਾਨ : (ਆਪਣੇ ਆਪ ਨੂੰ ਫ਼ਾਲਤੂ ਸਮਝਦਾ ਹੋਇਆ) ਖ਼ਾਦਮ ਨੂੰ ਕਿਆ ਹੁਕਮ ਹੈ ?

ਔਰੰਗਜ਼ੇਬ : ਬੇਟੀ, ਖ਼ਾਨ ਬਹਾਦਰ ਨੂੰ ਤੂੰ ਬੜੀ ਤਕਲੀਫ਼ ਦਿੱਤੀ ਹੈ। ਜ਼ਰਾ ਠਹਿਰੋ, ਮੈਂ ਕੁਛ ਜ਼ਰੂਰੀ ਬਾਤ ਕਰਨੀ ਹੈ।

ਹਕੀਮ : ਜਹਾਨ ਪਨਾਹ, ਹਜ਼ੂਰ ਦੇ ਚਿਹਰੇ ਤੇ ਅੱਖਾਂ ਦੀ ਅਲਾਮਤ ਚਿੰਤਾ ਭਰੀ ਹੈ। ਆਰਾਮ ਦੀ ਸਖ਼ਤ ਜ਼ਰੂਰਤ ਹੈ।

ਔਰੰਗਜ਼ੇਬ : ਤਿੰਨ ਘੰਟਿਆਂ ਤੋਂ ਜ਼ਿਆਦਾ ਮੈਂ ਕਈ ਸਾਲਾਂ ਤੋਂ ਨਹੀਂ ਸੁੱਤਾ, ਪਰ ਅਜ ਤਾਂ ਨੀਂਦ ਹਰਾਮ ਹੀ ਹੋ ਗਈ ਹੈ।

ਹਕੀਮ : ਇਸ ਹਾਲਤ ਵਿਚ ਨੀਂਦ ਅਜ਼ਹਦ ਜ਼ਰੂਰੀ ਹੈ, ਕਿਉਂਕਿ ਇਸ ਦਾ ਜ਼ਿਹਨ ਨਾਲ ਤਅੱਲੁਕ ਹੈ।

ਔਰੰਗਜ਼ੇਬ : ਨੀਂਦ ਲਿਆਉਣ ਵਾਲੀ ਕੋਈ ਅੱਛੀ ਦਵਾ ਹੈ ਤੇਰੇ ਪਾਸ ?

ਹਕੀਮ : ਨਿਹਾਇਤ ਅੱਛੀ, ਜਹਾਨ ਪਨਾਹ।

ਔਰੰਗਜ਼ੇਬ : (ਮੁਸਕਰਾਂਦਾ ਹੋਇਆ) ਹਮੇਸ਼ਾ ਦੀ ਨੀਂਦ ਸੁਲਾਉਣ ਵਾਲੀ ਤਾਂ ਨਹੀਂ।

ਹਕੀਮ : ਜਹਾਨ ਪਨਾਹ ਦੇ ਇਕਬਾਲ ਨਾਲ ਸਾਰਾ ਹਿੰਦੁਸਤਾਨ ਸੁਖ ਦਾ ਸਾਹ ਲੈ ਰਿਹਾ ਹੈ।

ਔਰੰਗਜ਼ੇਬ : ਤੇਰੀਆਂ ਗੱਲਾਂ ਵਾਂਗ ਤੇਰੀ ਦਵਾ ਵੀ ਝੂਠੀ ਹੀ ਹੋਵੇਗੀ। ਦਿਖਾ ਕਿਹੜੀ ਦਵਾ ਹੈ ?

ਹਕੀਮ : ਜਹਾਨ ਪਨਾਹ ਦੀ ਜ਼ਿਹਨੀ ਪਰੇਸ਼ਾਨੀ ਲਈ ਬਹੁਤ ਮੁਫ਼ੀਦ ਰਹੇਗੀ।

ਔਰੰਗਜ਼ੇਬ : (ਚੰਗੀ ਤਰ੍ਹਾਂ ਦੇਖ ਕੇ) ਇਸ ਨੂੰ ਪਹਿਲਾਂ ਮੇਰੇ ਸਾਮ੍ਹਣੇ ਚਖ ਕੇ ਦਿਖਾ।

ਹਕੀਮ : ਸੌ ਵਾਰੀ ਜਹਾਨ ਪਨਾਹ, ਇਹ ਤਾਂ ਜ਼ਿਹਨੀ ਕੁੱਵਤ ਲਈ ਅਕਸੀਰ ਹੈ। ਹਜ਼ੂਰ ਦੇ ਦਿਮਾਗ ਨੂੰ ਘੜੀ ਪਲ ਵਿਚ ਅਰਾਮ ਮਹਿਸੂਸ ਹੋਣ ਲਗ ਜਾਵੇਗਾ।

ਔਰੰਗਜ਼ੇਬ : ਬੇਟੀ, ਆਹ ਦਵਾ ਰਖ ਲੈ। ਮੈਂ ਠਹਿਰ ਕੇ ਖਾਵਾਂਗਾ। ਤਸ਼ਰੀਫ਼ ਲੈ ਜਾ ਸਕਦੇ ਹੋ।

ਹਕੀਮ : (ਝੁਕ ਕੇ) ਜੋ ਹੁਕਮ, ਜਹਾਨ ਪਨਾਹ।

ਔਰੰਗਜ਼ੇਬ : (ਬੇਗਮ ਨੂੰ) ਆਪ ਦੀ ਸਿਹਤ ਵੀ ਠੀਕ ਨਹੀਂ, ਜਾਓ ਆਰਾਮ ਕਰੋ।

ਬੇਗਮ : (ਅਪਮਾਨ ਅਨੁਭਵ ਕਰਦੀ ਹੋਈ) ਜੋ ਹੁਕਮ ਜਹਾਨ ਪਨਾਹ।

ਔਰੰਗਜ਼ੇਬ : ਬੇਟੀ ਜ਼ੀਨਤ, ਥੋੜਾ ਜਿਹਾ ਗਰਮ ਪਾਣੀ ਮੰਗਵਾ।

ਜ਼ੀਨਤ : (ਉਸ ਦਾ ਭਾਵ ਸਮਝਦੀ ਹੋਈ) ਅੱਬਾ ਜਾਨ, ਮੈਂ ਆਪ ਲੈ ਕੇ ਆਉਂਦੀ ਹਾਂ।

[ਔਰੰਗਜ਼ੇਬ ਕੁਝ ਚਿਰ ਦਰਵਾਜ਼ੇ ਵਲ ਦੇਖਦਾ ਰਹਿੰਦਾ ਹੈ।]

ਔਰੰਗਜ਼ੇਬ : ਅਸਦ ਖ਼ਾਨ, ਤੂੰ ਮੇਰਾ ਆਹਲਾ ਅਹਿਲਕਾਰ ਹੀ ਨਹੀਂ, ਦਿਲੀ ਦੋਸਤ ਵੀ ਹੈਂ। ਬੇਸ਼ਕ ਕਈ ਰਾਜ਼ ਮੈਂ ਤੇਰੇ ਪਾਸੋਂ ਵੀ ਲੁਕਾ ਕੇ ਰਖਦਾ ਹਾਂ, ਪਰ ਅਜ ਅਪਨੇ ਦਿਲ ਦਾ ਭੇਤ ਤੇਰੇ ਸਾਮ੍ਹਣੇ ਜ਼ਾਹਰ ਕਰਦਾ ਹਾਂ।

ਅਸਦ ਖ਼ਾਨ : ਹਜ਼ੂਰ ਦੀ ਜ਼ਰ੍ਹਾ-ਨਿਵਾਜ਼ੀ ਹੈ।

ਔਰੰਗਜ਼ੇਬ : ਮੈਂ ਅਾਪਣੀ ਕਮਜ਼ੋਰੀ ਆਪਣੀ ਬੀਵੀ, ਖ਼ਾਸ ਕਰਕੇ ਬੇਟੀ ਸਾਮ੍ਹਣੇ, ਜ਼ਾਹਰ ਨਹੀਂ ਸੀ ਕਰਨੀ ਚਾਹੁੰਦਾ। ਰਾਜ਼ ਮਿਲਦੇ-ਸਾਰ ਬੇਗਮ ਕੁਦਰਤੀ ਆਪਨੇ ਬੇਟੇ ਬਾਰੇ ਸੋਚੇਗੀ। ਭੈਣ ਅਪਨੇ ਚਹੇਤੇ ਭਾਈ ਨੂੰ ਕਿਸੇ ਨਾ ਕਿਸੇ ਤਰ੍ਹਾਂ ਖ਼ਬਰ ਪੁਚਾਏਗੀ।

ਅਸਦ ਖ਼ਾਨ : ਬੇਟੀ ਜ਼ੀਨਤ ਤਾਂ ਹਜ਼ੂਰ ਦਾ ਬਹੁਤ ਖ਼ਿਆਲ ਰਖਦੀ ਹੈ।

ਔਰੰਗਜ਼ੇਬ : ਠੀਕ ਹੈ, ਉਹ ਸਭ ਤੋਂ ਜ਼ਿਆਦਾ ਮੇਰੀਆਂ ਕਮਜ਼ੋਰੀਆਂ ਤੋਂ ਵਾਕਫ਼ ਹੈ। ਮੈਂ ਉਸ ਦੀਆਂ ਨਜ਼ਰਾਂ ਵਿਚ ਹੋਰ ਗਿਰਨਾ ਨਹੀਂ ਚਾਹੁੰਦਾ। ਤੇਰੇ ਉੱਤੇ ਮੈਨੂੰ ਮੁਕੰਮਲ ਭਰੋਸਾ ਹੈ। ਤੂੰ ਮੈਨੂੰ ਜ਼ਰੂਰ ਸਹੀ ਮਸ਼ਵਰਾ ਦੇਵੇਂਗਾ।

ਅਸਦ ਖ਼ਾਨ : ਜਹਾਨ ਪਨਾਹ, ਜਲਦੀ ਆਪਣੇ ਦਿਮਾਗ਼ ਦਾ ਭਾਰ ਹੌਲਾ ਕਰੋ।

ਔਰੰਗਜ਼ੇਬ : ਦੋਸਤ, ਸਚ ਤਾਂ ਇਹ ਹੈ ਕਿ ਜ਼ਿੰਦਗੀ ਭਰ ਮੈਂ ਇਤਨਾ ਪਰੇਸ਼ਾਨ ਨਹੀਂ ਹੋਇਆ, ਜਿਤਨਾ ਇਕ ਰਾਤ ਵਿਚ। ਨਾ ਹੀ ਅਜ ਤਕ ਕਿਸੇ ਨੇ ਮੇਰੀ ਜ਼ਮੀਰ ਨੂੰ ਇਤਨਾ ਝੰਜੋੜਿਆ ਹੈ।

ਅਸਦ ਖ਼ਾਨ : (ਉਤਸੁਕਤਾ ਨਾਲ) ਹਜ਼ੂਰ, ਕੁਲ੍ਹ ਅਜਿਹਾ ਕਿਹੜਾ ਐਸਾ

ਵਾਕਿਆ ਹੋਇਆ ਹੈ ?

ਔਰੰਗਜ਼ੇਬ : ਕਲ੍ਹ ਪੰਜਾਬ ਤੋਂ ਦਯਾ ਸਿੰਘ ਨਾਮ ਦਾ ਇਕ ਸਿਖ ਅਪਨੇ ਪੀਰ ਗੋਬਿੰਦ ਸਿੰਘ ਦਾ ਖ਼ਤ ਲੈ ਕੇ ਮਿਲਿਆ ਹੈ।

ਅਸਦ ਖ਼ਾਨ : ਇਹ ਤਾਂ ਮੈਂ ਵੀ ਸੁਣਿਆ ਸੀ।

ਔਰੰਗਜ਼ੇਬ : (ਸ਼ਕ ਨਾਲ) ਕਿਆ ਤੂੰ ਉਸ ਖ਼ਤ ਦੇ ਮਜ਼ਮੂਨ ਬਾਰੇ ਵੀ ਕੁਛ ਸੁਣਿਆ ਹੈ ?

ਅਸਦ ਖ਼ਾਨ : (ਡਰ ਕੇ) ਨਹੀਂ ਜਹਾਨ ਪਨਾਹ। ਬਸ ਇਹੋ ਸੁਣਿਆ ਸੀ ਕਿ ਉਸ ਸਿੰਘ ਨੂੰ ਕਈ ਮਹੀਨੇ ਇੰਤਜ਼ਾਰ ਕਰਨੀ ਪਈ ਮੁਲਾਕਾਤ ਲਈ।

ਔਰੰਗਜ਼ੇਬ : ਕਿਉਂਕਿ ਉਹ ਆਪਣੇ ਹੱਥਾਂ ਨਾਲ ਮੈਨੂੰ ਖ਼ਤ ਦੇਣਾ ਚਾਹੁੰਦਾ ਸੀ।

ਅਸਦ ਖ਼ਾਨ : ਫੇਰ ਤਾਂ ਜ਼ਰੂਰ ਖ਼ਾਸ ਪੈਗ਼ਾਮ ਹੋਵੇਗਾ।

ਔਰੰਗਜ਼ੇਬ : ਹਾਂ, ਖ਼ਾਸ ਉਲ-ਖ਼ਾਸ, ਇਕ ਜ਼ਫ਼ਰਨਾਮਾ।

ਅਸਦ ਖ਼ਾਨ : ਜਹਾਨ ਪਨਾਹ, ਉਸ ਖ਼ਤ ਵਿਚ ਐਸੀ ਕਿਹੜੀ ਗੱਲ ਹੈ ਜੋ ਹਜ਼ੂਰ ਦੇ ਦਿਮਾਗ਼ ਨੂੰ ਇਤਨਾ ਪਰੇਸ਼ਾਨ ਕਰ ਰਹੀ ਹੈ ?

ਔਰੰਗਜ਼ੇਬ : ਉਸ ਵਿਚ ਸਿੱਖਾਂ ਦੇ ਪੀਰ ਨੇ ਐਸੀ ਬੇਬਾਕੀ ਨਾਲ ਮੈਨੂੰ ਲਾਹਨਤਾਂ ਪਾਈਆਂ ਹਨ ਕਿ ਮੇਰੀ ਜ਼ਮੀਰ ਥਰਥਰਾ ਗਈ ਹੈ, ਮੇਰਾ ਵਜੂਦ ਪਿੰਜਿਆ ਗਿਆ ਹੈ। ਪਤਾ ਨਹੀਂ ਉਸ ਦਾ ਜ਼ਿਹਨ ਉਤੇ ਕਿਆ ਅਸਰ ਹੋਇਆ, ਸਾਰੀ ਰਾਤ ਇਕ ਪਲ ਨੀਂਦ ਨਹੀਂ ਆਈ। ਸਵੇਰ-ਸਾਰ ਜ਼ਰਾ ਅੱਖ ਲੱਗੀ ਤਾਂ ਐਸਾ ਖ਼ੌਫ਼ਨਾਕ ਖ਼ਾਬ ਆਇਆ ਜੋ ਬਿਆਨੋਂ ਬਾਹਰ ਹੈ।

ਅਸਦ ਖ਼ਾਨ : ਅੱਲਾਹ ਦੇ ਆਸ਼ਕਾਂ ਨੂੰ ਕਿਸੇ ਦਾ ਡਰ-ਭੈ ਨਹੀਂ ਹੁੰਦਾ। ਖਰੀਆਂ ਖਰੀਆਂ ਲਿਖ ਦਿਤੀਆਂ ਹੋਣਗੀਆਂ, ਜੋ ਹਜ਼ੂਰ ਦੀ ਜ਼ਮੀਰ ਨੂੰ ਟੁੰਬ ਰਹੀਆਂ ਹਨ।

ਔਰੰਗਜ਼ੇਬ : ਦੋਸਤ ਸਚ ਜਾਣ, ਅਜ ਤਕ ਕਿਸੇ ਨੇ ਮੇਰੇ ਅਕੀਦੇ ਔਰ ਅਮਲਾਂ ਦੀ ਐਸੀ ਨਿਖੇਧੀ ਨਹੀਂ ਕੀਤੀ। ਉਸ ਦੇ ਜ਼ਫ਼ਰਨਾਮੇ ਨੇ ਮੇਰੇ ਇਨਸਾਨੀ ਜਜ਼ਬੇ ਨੂੰ ਹਲੂਣ ਦਿੱਤਾ ਹੈ।

ਅਸਦ ਖ਼ਾਨ : ਇਹ ਤਾਂ ਸਭ ਮੰਨਦੇ ਹਨ ਕਿ ਉਹ ਅਜ਼ਮਤ ਵਾਲਾ ਪੀਰ ਹੈ। ਹਜ਼ੂਰ ਨੂੰ ਯਾਦ ਹੋਵੇਗਾ ਕਿ ਫ਼ੌਜਦਾਰ ਸੈਦ ਖ਼ਾਂ ਤੇ ਰਮਜ਼ਾਨ ਖ਼ਾਂ ਉਸ ਪੀਰ ਨਾਲ ਜਾ ਰਲੇ ਸਨ। ਜਹਾਨ ਪਨਾਹ, ਮੈਂ ਸਮਝ ਨਹੀਂ ਸਕਿਆ ਇਸ ਵਿਚ ਦਿਲ ਤੇ ਲਾਉਣ ਵਾਲੀ ਕਿਹੜੀ ਗੱਲ ਹੈ।

ਔਰੰਗਜ਼ੇਬ : ਵਜ਼ੀਰ ਖ਼ਾਂ ਨੇ ਮੇਰੇ ਨਾਮ ਤੇ ਪਹਿਲਾਂ ਕੁਰਾਨ ਸ਼ਰੀਫ਼ ਦੀਆਂ ਕਸਮਾਂ ਖਾਧੀਆਂ, ਫੇਰ ਉਸ ਪੀਰ ਨੂੰ ਅਨੰਦਪੁਰ ਛਡਣ ਲਈ ਮਜਬੂਰ ਕੀਤਾ, ਪਿਛੋਂ ਧੋਖੇ ਨਾਲ ਹਮਲਾ ਕਰ ਦਿੱਤਾ, ਔਰ ਲੜਾਈ ਵਿਚ ਉਸ ਦੇ ਬੇਟੇ ਮਾਰੇ ਗਏ।

ਅਸਦ ਖ਼ਾਨ : (ਦਿਲੋਂ ਦੁਖ ਮਹਿਸੂਸ ਕਰ ਕੇ) ਬਹੁਤ ਬੁਰੀ ਖ਼ਬਰ ਹੈ। ਫ਼ਕੀਰਾਂ ਦੀ ਬਦ-ਦੁਆ ਤੋਂ ਖ਼ੁਦਾ ਬਚਾਏ।

ਔਰੰਗਜ਼ੇਬ : (ਅੰਤਰੀਵ ਡਰ ਅਧੀਨ) ਬੇਸ਼ਕ ਮੈਂ ਉਸ ਦੇ ਬਾਪ ਤੇਗ਼ਬਹਾਦਰ ਦੇ ਕਤਲ ਦਾ ਹੁਕਮ ਦਿੱਤਾ ਸੀ, ਮਗਰ ਉਹ ਮੁਲਕੀ ਮਾਮਲਾ ਸੀ। ਪਰ ਵਜ਼ੀਰ ਖ਼ਾਨ ਨੇ ਮੇਰਾ ਨਾਮ ਬਦਨਾਮ ਕੀਤਾ ਹੈ ਔਰ ਇਸਲਾਮ ਦੀ ਤੌਹੀਨ ਕੀਤੀ ਹੈ, ਦਸ ਉਸ ਨੂੰ ਕਿਆ ਸਜ਼ਾ ਦਿੱਤੀ ਜਾਵੇ?

ਅਸਦ ਖ਼ਾਨ : ਡੂੰਘੀ ਸੋਚ ਵਾਲੀ ਬਾਤ ਹੈ, ਜਹਾਨ ਪਨਾਹ। ਅਗੇ ਗੋਲਕੰਡਾ ਤੇ ਬੀਜਾਪੁਰ ਫ਼ਤਹ ਕਰ ਕੇ ਅਸੀਂ ਮਰਾਠਿਆਂ ਦਾ ਰਸਤਾ ਸਾਫ਼ ਕਰ ਦਿਤਾ ਹੈ। ਇਸ ਵਕਤ ਮੁਲਕ ਦੀ ਹਾਲਤ ਬਹੁਤ ਨਾਜ਼ੁਕ ਹੈ। ਆਖ਼ਰ ਪੰਜਾਬ ਵਿਚ ਵਜ਼ੀਰ ਖ਼ਾਨ ਨੇ ਸਿੱਖਾਂ ਨੂੰ ਕਾਬੂ ਵਿਚ ਰਖਿਆ ਹੋਇਆ ਹੈ।

ਔਰੰਗਜ਼ੇਬ : ਸਭ ਪਹਿਲੂ ਮੈਂ ਅੱਛੀ ਤਰ੍ਹਾਂ ਸੋਚੇ ਹਨ, ਮੈਨੂੰ ਕੋਈ ਠੀਕ ਰਾਹ ਨਜ਼ਰ ਨਹੀਂ ਆਉਂਦਾ।

ਅਸਦ ਖ਼ਾਨ : ਮੇਰਾ ਖ਼ਿਆਲ ਹੈ ਕਿ ਗੁਰੂ ਨੂੰ ਬਾ-ਇੱਜ਼ਤ ਇਥੇ ਬੁਲਾਇਆ ਜਾਏ, ਉਨ੍ਹਾਂ ਦੀ ਤਸੱਲੀ ਕਰ ਕੇ ਸੁਲਾਹ ਕਰ ਲਈ ਜਾਏ।

ਔਰੰਗਜ਼ੇਬ : ਅਗੇ ਦੋ ਦਫ਼ਾ ਮੈਂ ਪੈਗ਼ਾਮ ਭੇਜ ਚੁੱਕਾ ਹਾਂ। ਹੁਣ ਉਹ ਪੀਰ ਕਿਸੇ ਹਾਲਤ ਵਿਚ ਸਾਡੀ ਕਿਸੇ ਗੱਲ ਤੇ ਯਕੀਨ ਨਹੀਂ ਕਰੇਗਾ।

ਅਸਦ ਖ਼ਾਨ : ਉਸ ਨੇ ਜ਼ਫ਼ਰਨਾਮੇ ਦੇ ਅਖ਼ੀਰ ਤੇ ਕਿਆ ਲਿਖਿਆ ਹੈ?

ਔਰੰਗਜ਼ੇਬ : ਮੈਨੂੰ ਮਾਲਵੇ ਦੇ ਕਾਂਗੜ ਨਗਰ ਵਿਚ ਮਿਲਣ ਦਾ ਪੈਗ਼ਾਮ ਘਲਿਆ ਹੈ।

ਅਸਦ ਖ਼ਾਨ : ਇਸ ਵਕਤ ਦੱਖਣ ਵਿਚ ਸਾਡੀ ਹਾਲਤ ਇਤਨੀ ਖ਼ਰਾਬ ਹੈ ਕਿ ਹਜ਼ੂਰ ਇਕ ਦਿਨ ਲਈ ਵੀ ਐਧਰ ਓਧਰ ਨਹੀਂ ਹੋ ਸਕਦੇ।

ਔਰੰਗਜ਼ੇਬ : ਤਾਂ ਫਿਰ ਕਿਆ ਢੰਗ ਵਰਤਿਆ ਜਾਵੇ?

ਅਸਦ ਖ਼ਾਨ : ਹਜ਼ੂਰ ਆਪਣੇ ਹਥੀਂ ਖ਼ਤ ਲਿਖ ਕੇ ਇਤਬਾਰ-ਯੋਗ ਕਾਸਦ ਹੱਥ ਭੇਜੋਂ।

ਔਰੰਗਜ਼ੇਬ : (ਜਿਵੇਂ ਕੋਈ ਗੱਲ ਜਚ ਗਈ ਹੁੰਦੀ ਹੈ) ਮੇਰਾ ਵੀ ਇਹੋ ਖ਼ਿਆਲ

ਹੈ। ਖ਼ਾਸ ਕਾਸਦ ਨੂੰ ਭੇਜ ਕੇ ਗੁਰੂ ਨੂੰ ਸੁਲਾਹ-ਸਫ਼ਾਈ ਲਈ ਇਥੇ ਬੁਲਾਂਦਾ ਹਾਂ। ਉਨ੍ਹਾਂ ਦੀ ਹਿਫ਼ਾਜ਼ਤ ਦਾ ਖ਼ਾਤਰ-ਖਵਾਹ ਇੰਤਜ਼ਾਮ ਕਰਦਾ ਹਾਂ। ਜਾਓ ਮੀਰ ਮੁਨਸ਼ੀ ਔਰ ਦਯਾ ਸਿੰਘ ਨੂੰ ਦਰਬਾਰੇ ਖ਼ਾਸ ਵਿਚ ਹਾਜ਼ਰ ਕਰੋ। ਮੈਂ ਤਿਆਰ ਹੋ ਕੇ ਜਲਦੀ ਆਉਂਦਾ ਹਾਂ।

ਅਸਦ ਖ਼ਾਨ : ਜੋ ਹੁਕਮ ਜਹਾਨ ਪਨਾਹ।

ਔਰੰਗਜ਼ੇਬ : ਦੇਖੋਂ, ਕਿਸੇ ਨਾਲ ਬਾਤ ਨਹੀਂ ਕਰਨੀ।

ਅਸਦ ਖ਼ਾਨ : ਹਰਗਿਜ਼ ਨਹੀਂ, ਜਹਾਨ ਪਨਾਹ।

[ਸਿਰ ਝੁਕਾ ਕੇ ਜਾਂਦਾ ਹੈ। ਔਰੰਗਜ਼ੇਬ ਬੇਚੈਨ ਕਮਰੇ ਅੰਦਰ ਘੁੰਮਦਾ ਹੈ। ਫੇਰ ਤਸਬੀਹ ਫੇਰਨ ਲਗ ਜਾਂਦਾ ਹੈ। ਜਦੋਂ ਮਨ ਨੂੰ ਫਿਰ ਵੀ ਟਿਕਾਓ ਨਹੀਂ ਮਿਲਦਾ ਤਾਂ ਜ਼ਫ਼ਰਨਾਮਾ ਲੈ ਕੇ ਉੱਚੀ ਉੱਚੀ ਪੜ੍ਹਦਾ ਹੈ।]

ਔਰੰਗਜ਼ੇਬ : *ਕਮਾਲਿ ਕਰਾਮਾਤ ਕਾਇਮ ਕਰੀਮ।
ਰਜ਼ਾ ਬਖ਼ਸ਼ੋ ਰਾਜ਼ਿਕ ਰਿਹਾ-ਕੁਨ ਰਹੀਮ।

ਅਵਾਜ਼ : ਐ ਖ਼ੁਦਾ! ਤੂੰ ਅਲੌਕਿਕ ਤਾਕਤ ਦਾ ਸਿਖਰ, ਹਮੇਸ਼ਾ ਰਹਿਣ ਵਾਲਾ, ਮਿਹਰਵਾਨ ਹੈਂ। ਤੂੰ ਖ਼ੁਸ਼ੀਆਂ ਦੇਣ ਵਾਲਾ, ਰਾਜ਼ਕ, ਮੁਕਤੀ ਦਾਤਾ ਔਰ ਰਹਿਮ ਕਰਨ ਵਾਲਾ ਹੈਂ।

ਔਰੰਗਜ਼ੇਬ : ਅਮਾਂ-ਬਖ਼ਸ਼, ਬਖ਼ਸ਼ਿੰਦਹ ਓ ਦਸਤਗੀਰ।
ਖ਼ਤਾ-ਬਖ਼ਸ਼, ਰੋਜ਼ੀ-ਦਿਹੋ ਦਿਲ ਪਜ਼ੀਰ।

ਅਵਾਜ਼ : ਤੂੰ ਸ਼ਰਨ ਪਏ ਦੀ ਲਾਜ ਰੱਖਣ ਵਾਲਾ, ਬਖ਼ਸ਼ਿੰਦ ਤੇ ਔਖੇ ਸਮੇਂ ਬਹੁੜਨ ਵਾਲਾ ਹੈਂ। ਤੂੰ ਭੁੱਲਾਂ ਮੁਆਫ਼ ਕਰਨ-ਹਾਰਾ, ਰਿਜ਼ਕ-ਦਾਤਾ ਤੇ ਪਿਆਰਾ ਲਗਣ ਵਾਲਾ ਹੈਂ।

ਔਰੰਗਜ਼ੇਬ : ਚਿਹ ਕਸਮਿ ਕੁਰਾਂ, ਮਨ ਕੁਨਮ ਇਅਤਿਬਾਰ।
ਵਗਰਨਹ ਤੁ ਗੋਈ, ਮਨ ਈਂ ਰਹ ਚਿ ਕਾਰ।

ਅਵਾਜ਼ : ਮੈਂ ਹੁਣ ਤੇਰੀ ਕੁਰਾਨ ਦੀ ਕਸਮ ਦਾ ਕਿਆ ਇਤਬਾਰ ਕਰਾਂ? ਵਰਨਾ ਤੂੰ ਹੀ ਦਸ, ਮੇਰਾ ਲੜਾਈ-ਭਿੜਾਈ ਨਾਲ ਕਿਆ ਵਾਸਤਾ ਹੈ?

---

*ਦੇਖੋ ਜ਼ਫ਼ਰਨਾਮਾ ਬੰਦ ਨੰਬਰ ੧, ੨, ੨੩, ੪੫, ੪੬ ਤੇ ੭੫,

ਔਰੰਗਜ਼ੇਬ : ਨੇ ਦਾਨਮ ਕਿ ਈਂ ਮਰਦਿ ਪੈਮਾਂ ਸ਼ਿਕਨ ।
ਕਿ ਦੌਲਤ ਪ੍ਰਸਤਸ਼ਤ, ਵਾ ਈਮਾਂ ਫ਼ਿਗਨ ।

ਅਵਾਜ਼ : ਮੈਨੂੰ ਇਹ ਪਤਾ ਨਹੀਂ ਸੀ ਕਿ ਇਕਰਾਰ ਤੋੜਨੇ ਵਾਲਾ ਔਰੰਗਜ਼ੇਬ ਧਨ ਦੌਲਤ ਦਾ ਮੁਰੀਦ ਹੈ ਔਰ ਧਰਮ-ਈਮਾਨ ਨੂੰ ਪਰੇ ਸੁਟ ਦੇਣ ਵਾਲਾ ਹੈ ।

ਔਰੰਗਜ਼ੇਬ : ਨ ਈਮਾਂ ਪ੍ਰਸਤੀ ਨ ਔਜ਼ਾਇ ਦੀਂ ।
ਨ ਸਾਹਿਬ-ਸ਼ਨਾਸੀ, ਨ ਮੁਹੰਮਦ ਯਕੀਂ ।

ਅਵਾਜ਼ : ਔਰੰਗਜ਼ੇਬ ! ਨਾ ਤੂੰ ਦੀਨ-ਈਮਾਨ ਉਤੇ ਕਾਇਮ ਹੈਂ, ਨਾ ਹੀ ਤੂੰ ਸ਼ਰ੍ਹਾ-ਸ਼ਰੀਅਤ ਦਾ ਪਾਬੰਦ ਹੈਂ । ਨਾ ਤੈਨੂੰ ਰੱਬ ਦੀ ਪਛਾਣ ਹੈ ਅਤੇ ਨਾ ਹੀ ਤੇਰਾ ਹਜ਼ਰਤ ਮੁਹੰਮਦ ਉਤੇ ਯਕੀਨ ਹੈ ।

ਔਰੰਗਜ਼ੇਬ : ਚਿਹਾ ਸ਼ੁਦ ਕਿ ਚੂੰ ਬਚਗਾਂ ਕੁਸ਼ਤਹ ਚਾਰ ।
ਕਿ ਬਾਕੀ ਬਿਮਾਂਦਸਤ ਪੇਚੀਦਾ ਮਾਰ ।

ਅਵਾਜ਼ : ਕੀ ਹੋਇਆ ਜੇ ਮੇਰੇ ਚਾਰ ਬੇਟੇ ਮਾਰੇ ਗਏ ਹਨ । ਅਜੇ ਤਾਂ ਕੁੰਡਲੀਦਾਰ ਖ਼ਾਲਸਾ ਬਾਕੀ ਹੈ ।

[ਜ਼ੀਨਤ ਨੂੰ ਆਉਂਦੀ ਵੇਖ ਕੇ ਇਕ-ਦਮ ਚੁਪ ਹੋ ਜਾਂਦਾ ਹੈ ਅਤੇ ਜ਼ਫ਼ਰਨਾਮਾ ਲੁਕਾ ਲੈਂਦਾ ਹੈ ।]

ਜ਼ੀਨਤ : ਅੱਬਾ ਜਾਨ, ਮੈਂ ਕਈ ਸਾਲਾਂ ਤੋਂ ਆਪ ਦੀ ਦਿਲੋਂ ਖ਼ਿਦਮਤ ਕਰ ਰਹੀ ਹਾਂ, ਪਰ ਅਫਸੋਸ ਮੈਂ ਆਪ ਦਾ ਯਕੀਨ ਹਾਸਲ ਨਹੀਂ ਕਰ ਸਕੀ ।

ਔਰੰਗਜ਼ੇਬ : ਬੇਟੀ, ਤੂੰ ਗਲਤ ਸਮਝ ਰਹੀ ਹੈਂ । ਮੈਨੂੰ ਆਪਣੇ ਆਪ ਤੇ ਵੀ ਯਕੀਨ ਨਹੀਂ ਰਿਹਾ ।

ਜ਼ੀਨਤ : ਅੱਬਾ ਜਾਨ, ਆਪ ਮੇਰੇ ਪਾਸੋਂ ਕੋਈ ਭੇਦ ਛੁਪਾ ਰਹੇ ਹੋ, ਜੋ ਆਪ ਦੇ ਮਨ ਨੂੰ ਪਰੇਸ਼ਾਨ ਕਰ ਰਿਹਾ ਹੈ ।

ਔਰੰਗਜ਼ੇਬ : ਬੇਟੀ, ਤੂੰ ਇਨ੍ਹਾਂ ਬਾਤਾਂ ਵਿਚ ਨਾ ਹੀ ਪਵੇਂ, ਤਾਂ ਅੱਛਾ ਹੈ ।

ਜ਼ੀਨਤ : ਜਹਾਨ ਪਨਾਹ, ਹੋਰ ਕਿਸੇ ਚੀਜ਼ ਦੀ ਜ਼ਰੂਰਤ ਹੈ ਤਾਂ ਫ਼ਰਮਾਓ ।

ਔਰੰਗਜ਼ੇਬ : ਬੇਟੀ ਠਹਿਰ, ਤੂੰ ਨਾਰਾਜ਼ ਹੋ ਗਈ ਹੈਂ । ਸਾਰੀ ਦੁਨੀਆ ਹੀ ਮੇਰੇ ਕੋਲੋਂ ਤੰਗ ਹੈ ।

ਜ਼ੀਨਤ : ਅੱਬਾ ਜਾਨ, ਮੈਨੂੰ ਦੁਖ ਹੈ ਕਿ ਤੁਸੀਂ ਮੇਰੇ ਉਤੇ ਇਤਬਾਰ ਨਹੀਂ ਕਰ ਰਹੇ ।

ਔਰੰਗਜ਼ੇਬ : ਬੇਟੀ, ਸੱਚ ਜਾਣਨਾ ਚਾਹੁੰਦੀ ਹੈਂ ?

ਜ਼ੀਨਤ : ਤੁਹਾਡੀ ਭਲਾਈ ਖ਼ਾਤਰ, ਅੱਬਾ ਜਾਨ !

ਔਰੰਗਜ਼ੇਬ : ਇਹ ਭੇਦ ਦਸਦਿਆਂ ਮੈਨੂੰ ਡਰ ਲਗ ਰਿਹਾ ਹੈ । ਮੇਰੀ ਬੇਟੀ ਮੈਨੂੰ ਨਹਾਇਤ ਘਟੀਆ ਇਨਸਾਨ ਖ਼ਿਆਲ ਕਰਨ ਲਗ ਜਾਏਗੀ । ਅਗੇ ਹੀ ਉਹ ਮੇਰੀਆਂ ਬੁਰੀਆਂ ਆਦਤਾਂ ਤੋਂ ਅੱਛੀ ਤਰ੍ਹਾਂ ਵਾਕਫ਼ ਹੈ ।

ਜ਼ੀਨਤ : ਅੱਬਾ ਜਾਨ, ਇਹ ਕਿਸੇ ਹਾਲਤ ਵਿਚ ਨਹੀਂ ਹੋ ਸਕਦਾ । ਮੈਂ ਸਮਝਦੀ ਹਾਂ ਕਿ ਆਪ ਵਿਚ ਆਹਲਾ ਇਨਸਾਨ ਵਾਲੀਆਂ ਬਹੁਤ ਖ਼ੂਬੀਆਂ ਹਨ । ਕਮੀਆਂ ਕਿਸ ਨਬੀ-ਨੂਰ ਇਨਸਾਨ ਵਿਚ ਨਹੀਂ । ਮੈਂ ਫ਼ੌਰਨ ਜਾਣਨਾ ਚਾਹੁੰਦੀ ਹਾਂ, ਕਿਹੜਾ ਭੇਤ ਰਾਤ ਦਾ ਤੁਹਾਡੇ ਦਿਮਾਗ਼ ਨੂੰ ਪਰੇਸ਼ਾਨ ਕਰ ਰਿਹਾ ਹੈ ।

ਔਰੰਗਜ਼ੇਬ : ਬੇਟੀ, ਗੁਰੂ ਗੋਬਿੰਦ ਸਿੰਘ ਦਾ ਪੰਜਾਬ ਤੋਂ ਆਹ ਦੂਜਾ ਖ਼ਤ ਆਇਆ ਹੈ ।

ਜ਼ੀਨਤ : ਤੁਸੀਂ ਪਹਿਲਾ ਵੀ ਮੇਰੇ ਪਾਸੋਂ ਛੁਪਾਈ ਰਖਿਆ ਹੈ ।

ਔਰੰਗਜ਼ੇਬ : ਕਿਉਂ ਕਿ ਤੂੰ ਤੇ ਮੁਅੱਜ਼ਮ ਹਮੇਸ਼ਾ ਗੁਰੂ ਦੇ ਹੱਕ ਵਿਚ ਬੋਲਦੇ ਰਹੇ ਹੋ । ਸ਼ਾਇਦ ਨੰਦ ਲਾਲ ਗੋਯਾ ਦੇ ਅਸਰ ਕਰਕੇ ।

ਜ਼ੀਨਤ : ਇਸ ਖ਼ਤ ਵਿਚ ਐਸੀ ਕਿਹੜੀ ਬਾਤ ਹੈ ਜੋ ਮੇਰੇ ਅੱਬਾ ਦੀ ਜ਼ਮੀਰ ਨੂੰ ਹਲੂਣ ਗਈ ਹੈ ?

ਔਰੰਗਜ਼ੇਬ : ਉਸ ਪੀਰ ਨਾਲ ਮੇਰੇ ਹੱਥੋਂ ਸਖ਼ਤ ਧੋਖਾ ਹੋਇਆ ਹੈ । ਬਾਬਰ ਨੇ ਬਾਬਾ ਨਾਨਕ ਅਗੇ ਸਿਰ ਝੁਕਾਇਆ ਸੀ, ਪਰ ਮੈਂ ਉਸ ਗੁਰੂ ਘਰ ਨਾਲ ਮੱਥਾ ਲਾਇਆ ਹੈ ।

ਜ਼ੀਨਤ : ਗੁਰੂ ਤੇਗ ਬਹਾਦਰ ਦੀ ਸ਼ਹੀਦੀ ਵਲ ਇਸ਼ਾਰਾ ਕਰ ਰਹੇ ਹੋ ?

ਔਰੰਗਜ਼ੇਬ : ਨਹੀਂ ! ਇਸ ਖ਼ੱਤ ਦਾ ਨਾਮ ਹੈ ਜ਼ਫ਼ਰਨਾਮਾ । ਯਕੀਨਨ ਗੁਰੂ ਦੀ ਫ਼ਤਹ ਔਰ ਮੇਰੀ ਸ਼ਿਕੱਸਤ ਹੋਈ ਹੈ ।

ਜ਼ੀਨਤ : (ਕਾਹਲੀ ਪੈ ਕੇ) ਮੈਨੂੰ ਕੁਛ ਸਮਝ ਨਹੀਂ ਆਈ, ਅੱਬਾ ਜਾਨ !

ਔਰੰਗਜ਼ੇਬ : ਵਜ਼ੀਰ ਖ਼ਾਂ ਨੇ ਮੇਰੇ ਨਾਮ ਤੇ ਝੂਠੀਆਂ ਕਸਮਾਂ ਖਾ ਕੇ ਗੁਰੂ ਨੂੰ ਅਨੰਦਪੁਰ ਤੋਂ ਕਢਵਾਇਆ, ਪਿਛੋਂ ਧੋਖੇ ਨਾਲ ਹਮਲਾ ਕਰ ਦਿਤਾ ।

ਜ਼ੀਨਤ : ਅੱਬਾ ਜਾਨ, ਇਹ ਹਥਿਆਰ ਤਾਂ ਤੁਸੀਂ ਰੋਜ਼ ਮਰਾਠਿਆਂ ਦੇ ਖ਼ਿਲਾਫ਼ ਇਸਤੇਮਾਲ ਕਰਦੇ ਹੋ ।

ਔਰੰਗਜ਼ੇਬ : ਪਰ ਮੈਂ ਮੁਕੱਦਸ ਕੁਰਾਨ ਦੀ ਕਸਮ ਕਦੇ ਨਹੀਂ ਖਾਧੀ ।

ਜ਼ੀਨਤ : ਅੱਬਾ, ਤੁਸੀਂ ਅਸਲ ਗਲ ਅਜੇ ਵੀ ਛੁਪਾ ਰਹੇ ਹੋ, ਤੁਹਾਡਾ ਚਿਹਰਾ ਸਾਫ਼ ਦਸਦਾ ਹੈ ।

ਔਰੰਗਜ਼ੇਬ : ਗੁਰੂ ਦੇ ਵੱਡੇ ਦੋ ਬੇਟੇ ਲੜਦੇ ਹੋਏ ਮਾਰੇ ਗਏ।

ਜ਼ੀਨਤ : ਛੋਟੇ ਤਾਂ ਸਹੀ ਸਲਾਮਤ ਹਨ ?

ਔਰੰਗਜ਼ੇਬ : ਇਹ ਗੱਲ ਮੇਰੇ ਕੋਲੋਂ ਨਾ ਪੁਛ।

ਜ਼ੀਨਤ : ਅੱਬਾ, ਜਲਦੀ ਮਨ ਦਾ ਭਾਰ ਹੌਲਾ ਕਰੋ।

ਔਰੰਗਜ਼ੇਬ : ਵਜ਼ੀਰ ਖ਼ਾਂ ਨੇ ਗੁਰੂ ਦੇ ਦੋਨੋਂ ਛੋਟੇ ਬੇਟੇ ਜੀਉਂਦੇ ਨੀਂਹਾਂ ਵਿਚ ਚਿਣਾ ਕੇ ਮਰਵਾ ਦਿਤੇ ਹਨ !

ਜ਼ੀਨਤ : (ਚੀਕ ਮਾਰ ਕੇ ਬੇਹੋਸ਼ੀ ਵਿਚ) ਅੱਬਾ ! ਇਹ ਤਾਂ ਜ਼ੁਲਮ ਦੀ ਇੰਤਹਾ ਹੈ। ਖ਼ੁਦਾ ਤੁਹਾਨੂੰ ਕਦੇ ਮੁਆਫ਼ ਨਹੀਂ ਕਰੇਗਾ।

ਔਰੰਗਜ਼ੇਬ : ਬੇਟੀ, ਇਸੇ ਵਾਸਤੇ ਮੈਂ ਇਹ ਖ਼ਬਰ ਦਸਣ ਤੋਂ ਘਬਰਾਂਦਾ ਸਾਂ। ਤੂੰ ਤੇ ਮੁਅੱਜ਼ਮ ਹਮੇਸ਼ਾ ਮੈਨੂੰ ਇਸ ਰਾਹ ਤੋਂ ਰੋਕਦੇ ਰਹੇ ਹੋ, ਪਰ ਮੈਨੂੰ ਗ਼ਲਤ ਖ਼ਬਰਾਂ ਪੁਜਦੀਆਂ ਰਹੀਆਂ।

ਜ਼ੀਨਤ : (ਰੋਂਦੀ ਹੋਈ) ਅੱਬਾ, ਜਦੋਂ ਤੁਹਾਡਾ ਬਾਗ਼ੀ ਬੇਟਾ ਅਕਬਰ ਫ਼ੌਤ ਹੋਇਆ ਸੀ ਤਾਂ ਤੁਸੀਂ ਕਿੰਨਾ ਰੋਏ ਸੀ। ਜਿਸ ਵਕਤ ਤੁਹਾਡੀ ਬਾਗ਼ੀ ਸ਼ਾਇਰ ਬੇਟੀ ਜ਼ੇਬ-ਉਨ-ਨਿਸਾ ਚਲ ਵਸੀ ਸੀ ਤਾਂ ਤੁਸੀਂ ਜ਼ਾਰੋ-ਜ਼ਾਰ ਰੋਏ ਸੀ, ਪਰ ਅਜ ਮਸੂਮ ਬੱਚਿਆਂ ਦੀ ਸ਼ਹੀਦੀ ਤੇ ਤੁਸੀਂ ਚੁਪ ਖੜੇ ਹੋ।

ਔਰੰਗਜ਼ੇਬ : ਬੇਟੀ, ਅੱਜ ਮੇਰੀ ਰੂਹ ਰੋ ਰਹੀ ਹੈ। ਮੇਰਾ ਰੋਮ ਰੋਮ ਕੰਬ ਰਿਹਾ ਹੈ। ਸਾਰੀ ਰਾਤ ਮੈਂ ਸੂਲੀ ਤੇ ਟੰਗਿਆ ਰਿਹਾ ਹਾਂ। ਸੱਤ ਔਰ ਨੌਂ ਸਾਲਾਂ ਦੇ ਬੱਚਿਆਂ ਉਤੇ ਜ਼ੁਲਮ ਕਰਨ ਦੀ ਇਸਲਾਮ ਹਰਗਿਜ਼ ਇਜਾਜ਼ਤ ਨਹੀਂ ਦੇਂਦਾ। ਮਗਰ ਮੈਂ ਮਜਬੂਰ ਹਾਂ।

ਜ਼ੀਨਤ : ਤੁਸੀਂ ਵਜ਼ੀਰ ਖ਼ਾਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇ ਕੇ ਸਿੱਖਾਂ ਦਾ ਦਿਲ ਠੰਡਾ ਕਰ ਸਕਦੇ ਹੋ।

ਔਰੰਗਜ਼ੇਬ : ਬੇਟੀ, ਬਸ ਇਹੋ ਗ਼ਮ ਹੈ ਕਿ ਮੈਂ ਇਸ ਵਕਤ ਉਸ ਨੂੰ ਸਜ਼ਾ ਨਹੀਂ ਦੇ ਸਕਦਾ। ਰੱਬ ਹੀ ਉਸ ਨੂੰ ਸਜ਼ਾ ਦੇਵੇਗਾ।

ਜ਼ੀਨਤ : (ਗੁੱਸੇ ਦੇ ਪਾਗਲ-ਪਨ ਵਿਚ) ਸਜ਼ਾ ਵੀ ਨਹੀਂ ਦੇ ਸਕਦੇ ! ਫੇਰ ਅੱਬਾ ਤੁਹਾਡੇ ਇਸ਼ਾਰੇ ਤੇ ਹੀ ਇਹ ਗੁਨਾਹ ਹੋਇਆ ਹੈ। ਸ਼ਰੀਕ ਭਰਾਵਾਂ ਨੂੰ ਕਤਲ ਕਰਨ ਨਾਲੋਂ ਵੀ ਕਿਤੇ ਭਾਰੀ ਹੈ ਇਹ ਗੁਨਾਹ ! ਅੱਬਾ ਤੁਹਾਡੀ ਰੂਹ ਨੂੰ ਕਿਆਮਤ ਤਕ ਚੈਨ ਨਹੀਂ ਆਏਗਾ।

ਔਰੰਗਜ਼ੇਬ : ਬੇਟੀ, ਮੇਰੀ ਬਾਤ ਤਾਂ ਸੁਣ, ਮੈਂ ਠੀਕ ਹੀ ਭਾਰੀ ਗੁਨਾਹਗਾਰ ਹਾਂ।

ਇਹ ਰੂਹਾਨੀ ਗ਼ਮ ਮੈਨੂੰ ਜਲਦੀ ਖ਼ਤਮ ਕਰ ਦੇਵੇਗਾ । ਮੈਂ ਇਸ ਦੀ ਤਲਾਫ਼ੀ ਚਾਹੁੰਦਾ ਹੋਇਆ ਵੀ ਬੇਬਸ ਹਾਂ ।

ਜ਼ੀਨਤ : ਅੱਬਾ, ਤੂੰ ਮੋਮਨ ਮੁਸਲਮਾਨ ਹੁੰਦਾ ਹੋਇਆ ਵੀ ਰੱਬ ਨੂੰ ਨਹੀਂ ਪਛਾਣ ਸਕਿਆ ! ਤੂੰ ਰੱਬ ਤੋਂ ਡਰਦਾ ਜ਼ਰੂਰ ਹੈਂ, ਮਗਰ ਉਸ ਨੂੰ ਪਿਆਰ ਨਹੀਂ ਕਰਦਾ, ਇਸ ਕਰਕੇ ਉਸ ਦੀ ਖ਼ਲਕ ਨੂੰ ਤੂੰ ਸਾਰੀ ਉਮਰ ਦੁਖੀ ਕੀਤਾ ਹੈ । ਖ਼ੁਦਾ ਰਹਿਮ ਕਰੇ ।

ਔਰੰਗਜ਼ੇਬ : ਬੇਟੀ, ਮੈਂ ਸਭ ਕੁਝ ਸਮਝਦਾ ਹਾਂ । ਲੋਕੀ ਮੈਨੂੰ ਇਨਸਾਨ ਵੀ ਖ਼ਿਆਲ ਨਹੀਂ ਕਰਨਗੇ । ਮੈਂ ਅਨਗਿਣਤ ਲੜਾਈਆਂ ਜਿੱਤ ਕੇ ਵੀ ਜ਼ਿੰਦਗੀ ਦੀ ਬਾਜ਼ੀ ਹਾਰ ਕੇ ਜਾ ਰਿਹਾ ਹਾਂ । ਮੈਂ ਖ਼ਾਲੀ ਹੱਥ ਇਸ ਦੁਨੀਆ ਤੇ ਆਇਆ ਸਾਂ, ਗੁਨਾਹਾਂ ਦੇ ਭਾਰ ਨਾਲ ਲਦਿਆ ਜਾਵਾਂਗਾ ! ਬੇਟੀ ਜ਼ੀਨਤ, ਤੂੰ ਮੇਰੀ ਆਖ਼ਰੀ ਉਮਰ ਦਾ ਸਹਾਰਾ ਹੈਂ, ਠਹਿਰ, ਬੁਝ ਰਹੇ ਦੀਵੇ ਨੂੰ ਫੂਕ ਨਾ ਮਾਰ । ਮੇਰੀਆਂ ਯਾਦਾਂ ਕੌੜੀਆਂ ਜ਼ਹਿਰ ਹੈਨ, ਮੇਰਾ ਮੁਸਤਕਬਿਲ ਨਾ-ਉਮੀਦ ਹੈ । ਮੈਂ ਆਪਣੇ ਬੇਟਿਆਂ ਨੂੰ ਤੰਬੀਹ ਕਰਨ ਲਈ ਵਸੀਅਤ ਲਿਖਣੀ ਚਾਹੁੰਦਾ ਹਾਂ, ਬੇਟੀ ਜ਼ੀਨਤ, ਮੇਰੀ ਮੱਦਦ ਕਰ !

[ਦੀਵੇ ਟਿਮਟਿਮਾਉਂਦੇ ਹਨ । ਔਰੰਗਜ਼ੇਬ 'ਜ਼ੀਨਤ ਬੇਟੀ' 'ਜ਼ੀਨਤ ਬੇਟੀ' ਕਹਿੰਦਾ ਹੋਇਆ ਕਮਰੇ ਤੋਂ ਬਾਹਰ ਲੜ-ਖੜਾਉਂਦਾ ਚਲਾ ਜਾਂਦਾ ਹੈ ।]

[ਬੱਤੀਆਂ ਬੁਝ ਕੇ ਫੇਰ ਜਗਦੀਆਂ ਹਨ । ਮਰਦ ਤੇ ਇਸਤ੍ਰੀ ਬੋਹੜ ਪਿਛੋਂ ਨਿਕਲ ਕੇ ਫੇਰ ਅੱਗੇ ਆਉਂਦੇ ਹਨ । ਉਹ ਅੱਗੇ ਨਾਲੋਂ ਬਹੁਤ ਗੰਭੀਰ ਹਨ ।]

ਮਰਦ : ਵਣ ਦੇਵਤਾ ਦੀ ਜੈ ਹੋ !

ਇਸਤ੍ਰੀ : ਨਮਸਕਾਰ ਹੈ ਬਾਬਾ ਜੀ !

ਮਰਦ : ਸਚ ਏ, ਬੰਦਾ ਕਿੰਨਾ ਵੀ ਪਾਪੀ ਤੇ ਬੇਰਹਿਮ ਕਿਉਂ ਨਾ ਹੋਵੇ, ਕੋਈ ਵਕਤ ਐਸਾ ਆਉਂਦਾ ਏ ਜਦੋਂ ਉਹ ਆਪਣੇ ਕੁਕਰਮਾਂ ਉਤੇ ਹੰਝੂ ਕੇਰਦਾ ਏ ।

ਇਸਤ੍ਰੀ : ਛੋਟੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੀ ਦਾਸਤਾਨ ਸੁਣ ਕੇ ਮੇਰਾ ਦਿਲ ਅਜੇ ਤਕ ਕੰਬ ਰਿਹੈ।

ਮਰਦ : ਦੁਨੀਆ ਭਰ ਦੇ ਇਤਿਹਾਸ ਵਿਚ ਇਸ ਦੇ ਤੁਲ ਉਦਾਹਰਣ ਨਹੀਂ ਮਿਲਦੀ।

ਇਸਤ੍ਰੀ : ਸਹੀ ਹੈ।

ਮਰਦ : ਬਾਬਾ ਜੀ, ਆਲਮਗੀਰ ਨੇ ਪ੍ਰਾਸਚਿਤ ਵਜੋਂ ਗੁਰੂ ਜੀ ਨੂੰ ਗੱਲ-ਬਾਤ ਲਈ ਸਦਿਆ ਸੀ। ਕੀ ਮੇਲ ਹੋ ਗਿਆ ਸੀ ?

ਬੋਹੜ : ਨਹੀਂ।

ਮਰਦ : ਕਿਉਂ ?

ਬੋਹੜ : ਜਦੋਂ ਗੁਰੂ ਜੀ ਨਾਦੇੜ ਪੁੱਜੇ ਤਾਂ ਆਲਮਗੀਰ ਫ਼ੌਤ ਹੋ ਗਿਆ ਸੀ।

ਇਸਤ੍ਰੀ : ਇਹ ਘਟਨਾ ੧੭੦੭ ਦੀ ਏ।

ਮਰਦ : ਬਾਬਾ ਜੀ, ਬੰਦਾ ਵੈਰਾਗੀ ਦਾ ਗੁਰੂ ਜੀ ਨਾਲ ਮੇਲ ਵੀ ਅਸਚਰਜ ਘਟਨਾ ਏ।

ਬੋਹੜ : ਠੀਕ ਅਜੀਬ ਮੌਕਾ ਮੇਲ ਏ। ਜਿਵੇਂ ਸ੍ਰੀ ਕ੍ਰਿਸ਼ਨ ਨੇ ਅਰਜਨ ਨੂੰ ਨਿਮੋਝੂਣਤਾ ਤੋਂ ਜਗਾਇਆ ਸੀ, ਐਨ ਉਸੇ ਤਰ੍ਹਾਂ ਗੁਰੂ ਨੇ ਵੈਰਾਗੀ ਤੇ ਤਿਆਗੀ ਜੋਗੀ ਨੂੰ ਸਿਥਲਤਾ ਦੀ ਜਿਲ੍ਹਣ ਵਿਚੋਂ ਕਢ ਕੇ ਮਹਾਂ ਯੋਧਾ ਬਣਾ ਕੇ ਪੰਜਾਬ ਭੇਜਿਆ।

ਇਸਤ੍ਰੀ : ਬੱਚਿਆਂ ਦੀ ਸ਼ਹੀਦੀ ਦਾ ਬਦਲਾ ਲੈਣ ਲਈ ?

ਬੋਹੜ : ਨਹੀਂ, ਜ਼ੁਲਮ ਦੀਆਂ ਜੜ੍ਹਾਂ ਪੁਟਣ ਲਈ।

ਮਰਦ : ਜ਼ੁਲਮ ਦਾ ਚਿੰਨ੍ਹ ਵਜ਼ੀਰ ਖ਼ਾਂ ਤਾਂ ਬੇਹਦ ਘਬਰਾਇਆ ਹੋਵੇਗਾ ?

ਬੋਹੜ : ਉਹ ਜ਼ਾਲਮ ਤਾਂ ਇਕ ਹੋਰ ਵਾਰ ਕਰ ਚੁੱਕਾ ਸੀ।

ਇਸਤ੍ਰੀ : ਉਹ ਕੀ ਬਾਬਾ ਜੀ ?

ਬੋਹੜ : ਦੋ ਪਠਾਣ ਭੇਜ ਕੇ ਗੁਰੂ ਸਾਹਿਬ ਤੇ ਕਾਤਲਾਨਾ ਹਮਲਾ ਕਰਵਾ ਚੁੱਕਾ ਸੀ।

ਮਰਦ : ਫੇਰ ਤਾਂ ਬੰਦਾ ਬਹਾਦਰ ਦੀਆਂ ਜਿੱਤਾਂ ਸੁਣ ਕੇ ਉਸ ਦੇ ਪਾਪ ਕੰਬੇ ਹੋਣਗੇ।

ਬੋਹੜ : ਠੀਕ, ਪਾਪੀ ਦੇ ਮਾਰਨ ਨੂੰ ਪਾਪ ਮਹਾਂ ਬਲੀ ਹੋ ਕੇ ਟਕਰਦਾ ਹੈ। ਬੱਚਿਓ, ਸਮਾਂ ਬਹੁਤ ਬਲਵਾਨ ਹੈ, ਜਿਹੜੇ ਹਾਕਮ ਅਜ ਤੱਦੀਆਂ ਕਰਦੇ ਨੇ, ਕਲ੍ਹ ਨੂੰ ਉਹਨਾਂ ਜਨਤਾ ਅੱਗੇ ਜਵਾਬ-ਦੇਹ ਹੋਣਾ ਏ। ਇਤਿਹਾਸ ਹਰ ਹੁਕਮਰਾਨ ਤੋਂ ਜਵਾਬ ਮੰਗਦਾ ਹੈ।


ਮਰਦ : ਬਿਲਕੁਲ ਦਰੁਸਤ ਏ।

ਬੋਹੜ : ਹੁਣ ਮੈਂ ਤੁਹਾਨੂੰ ਵਜ਼ੀਰ ਖ਼ਾਂ ਦਾ ਅੰਤਰ ਕਾਂਬਾ ਵਿਖਾਂਦਾ ਹਾਂ। ਤੁਹਾਨੂੰ ਵਰਤਮਾਨ ਸਮੇਂ ਵਿਚ ਇਕ ਜਲਸੇ ਵਿਚ ਲਿਜਾਂਦਾ ਹਾਂ। ਛੇਤੀ ਪਿਛੇ ਆ ਜਾਵੋ ਤੇ ਚੁਪ ਚਾਪ ਬੈਠ ਕੇ ਮੁਗ਼ਲ ਸਲਤਨਤ ਦਾ ਥੰਮ ਥਿੜਕਦਾ ਦੇਖੋ।

[ਪਰਦਾ]

ਤੀਜਾ ਅੰਕ

# ਸਰਹਿਦ ਦੀ ਕੰਧ



# ਸਰਹੰਦ ਦੀ ਕੰਧ

## ਸ਼ਰਧਾਂਜਲੀ

ਰੰਗ-ਮੰਚ ਉੱਤੇ ਇਕ ਮੇਜ਼ ਅਤੇ ਦੋ ਕੁਰਸੀਆਂ ਪਈਆਂ ਹਨ। ਇਕ ਕੁਰਸੀ ਉਤੇ ਸਭਾਪਤੀ ਬਿਰਾਜ-ਮਾਨ ਹਨ, ਦੂਜੀ ਕੁਰਸੀ ਖ਼ਾਲੀ ਹੈ। ਉਨ੍ਹਾਂ ਦੇ ਪਿਛੇ ਕੰਧ ਨਾਲ ਛੋਟੇ ਸਾਹਿਬਜ਼ਾਦਿਆਂ ਦੀ ਇਕ ਸੁੰਦਰ ਤਸਵੀਰ ਲਟਕ ਰਹੀ ਹੈ, ਜੋ ਗੇਂਦੇ ਤੇ ਗੁਲਾਬ ਦੇ ਤਾਜ਼ਾ ਫੁੱਲਾਂ ਨਾਲ ਸ਼ਿੰਗਾਰੀ ਹੋਈ ਹੈ। ਪਰਦਾ ਉੱਠਣ ਸਮੇਂ ਇਕ ਭਲਾ ਪੁਰਸ਼ ਖੜਾ ਭਾਸ਼ਨ ਦੇ ਰਿਹਾ ਹੈ।

ਪ੍ਰਚਾਰਕ : (ਅੱਖਾਂ ਬੰਦ ਕਰ ਕੇ ਸ਼ਰਧਾ ਤੇ ਪ੍ਰੇਮ ਨਾਲ)

ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੇ ਮਨ ਆਨੰਦੁ।
ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ।

ਪ੍ਰਧਾਨ ਜੀ, ਭੈਣੋ ਤੇ ਭਰਾਵੋ, ਤੁਸੀਂ ਜਾਣਦੇ ਹੀ ਹੋ ਕਿ ਇਸ ਸਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜਨਮ-ਉਤਸ਼ਵ ਦੀ ਤੀਜੀ ਸ਼ਤਾਬਦੀ ਮਨਾਈ ਜਾ ਰਹੀ ਹੈ। ਇਸ ਦੇ ਸਬੰਧ ਵਿਚ ਅੱਜ ਅਸੀਂ ਤੁਹਾਨੂੰ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਸਾਕਾ ਸੁਣਾਵਾਂਗੇ। ਇਕਾਗਰ-ਚਿਤ ਹੋ ਕੇ ਸਰਵਣ ਕਰਨਾ। ਕਲਗੀਧਰ ਦੇ ਛੋਟੇ ਸਾਹਿਬਜ਼ਾਦਿਆਂ ਦੇ ਨਾਮ ਤੁਸੀਂ ਸੁਣੇ ਹੀ ਹੋਣਗੇ: ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹ ਸਿੰਘ। ਆਪ ੨੭ ਦਸੰਬਰ ੧੭੦੪ ਨੂੰ ਸਰਹੰਦ ਵਿਖੇ ਨੀਂਹਾਂ ਵਿਚ ਜੀਂਦੇ ਚਿਣੇ ਗਏ ਸਨ।

ਲੜਕੀ : (ਦਰਸ਼ਕਾਂ ਦੀ ਭੀੜ ਵਿਚੋਂ ਕੜਕਵੀਂ ਅਵਾਜ਼ ਵਿਚ) ਭਾਈ ਸਾਹਿਬ !

ਪ੍ਰਚਾਰਕ : (ਖਰ੍ਹਵੀ ਤੇ ਤਲਖ਼ ਅਵਾਜ਼ ਵਿਚ) ਕੌਣ ਹੈਂ ਤੂੰ ? ਕਿਆ ਹੈ ?

ਲੜਕੀ : ਤੁਸੀਂ ਇਤਿਹਾਸ ਦੇ ਇਕ ਮਹਾਨ ਸਾਕੇ ਨੂੰ ਅਸਲੋਂ ਸਾਧਾਰਨ ਢੰਗ ਨਾਲ ਦੱਸ ਰਹੇ ਹੋ । ਅਤੇ ਚਿਰਾਂ ਤੋਂ ਤੁਸੀਂ ਲੋਕ ਇਸੇ ਤਰ੍ਹਾਂ ਬੇਢੰਗੇ ਤਰੀਕੇ ਨਾਲ ਬਿਆਨਦੇ ਆ ਰਹੇ ਹੋ ।

ਪ੍ਰਚਾਰਕ : (ਐਨਕਾਂ ਨੀਵੀਆਂ ਕਰ ਕੇ ਵੇਖਦਾ ਹੋਇਆ) ਕੌਣ ਹੈਂ ਤੂੰ, ਖ਼ਲਲ ਪਾਉਣ ਵਾਲੀ ?

ਲੜਕੀ : ਇਕ ਪੜ੍ਹੀ ਲਿਖੀ ਸਿੱਖ ਲੜਕੀ ।

[ਕੁਝ ਸਰੋਤਿਆਂ ਦੀਆਂ ਅਵਾਜ਼ਾਂ

ਪ੍ਰਧਾਨ : (ਉਠ ਕੇ ਅਤੇ ਮੇਜ਼ ਉੱਤੇ ਹੱਥ ਮਾਰ ਕੇ) ਚੁਪ ਦਾ ਦਾਨ ਬਖ਼ਸ਼ੋ, ਬੀਬੀ, ਤੂੰ ਕੁਛ ਕਹਿਣਾ ਚਾਹੁੰਦੀ ਹੈਂ ?

ਲੜਕੀ : ਜੀ ਹਾਂ !

ਪ੍ਰਧਾਨ : ਫੇਰ ਗੜਬੜ ਮਤ ਕਰੋ । ਐਥੇ ਸਟੇਜ ਤੇ ਆ ਕੇ ਆਪਣੇ ਵਿਚਾਰ ਪਰਗਟ ਕਰੋ ।

(ਪ੍ਰਚਾਰਕ ਨੂੰ) ਤੁਸੀਂ ਜ਼ਰਾ ਰੁਕ ਜਾਓ । ਆਓ ਬੈਠੋ ।

[ਆਪਣੀ ਹੇਠੀ ਸਮਝ ਕੇ ਪ੍ਰਚਾਰਕ ਗੁੱਸੇ ਨਾਲ ਬੈਠਦਾ ਹੈ]

ਲੜਕੀ : ਧੰਨਵਾਦ !

[ਲੜਕੀ ਬੜੀ ਨਿਝੱਕਤਾ ਨਾਲ ਸਟੇਜ ਤੇ ਜਾਂਦੀ ਹੈ । ਪ੍ਰਧਾਨ, ਪ੍ਰਚਾਰਕ ਅਤੇ ਕੁਲ ਦਰਸ਼ਕ ਹੈਰਾਨੀ ਨਾਲ ਵੇਖਦੇ ਹਨ । ਭੀੜ ਵਿਚੋਂ ਤਿੰਨ ਚਾਰ ਆਵਾਜ਼ਾਂ ਵੀ ਸੁਣਾਈਆਂ ਦਿੰਦੀਆਂ ਹਨ ।]

ਇਕ ਅਵਾਜ਼ : ਕੌਣ ਹੈ ਇਹ ਲੜਕੀ ?

ਦੂਜੀ ਅਵਾਜ਼ : ਪੜ੍ਹੀ ਬਿਜਲੀ ਵਾਂਗ ਕੜਕਦੀ ਏ ।

ਤੀਜੀ ਅਵਾਜ਼ : ਬੜੀ ਦਲੇਰ ਜਾਪਦੀ ਹੈ ।

ਚੌਥੀ ਅਵਾਜ਼ : ਇਤਿਹਾਸ ਤੋਂ ਚੰਗੀ ਤਰ੍ਹਾਂ ਜਾਣੂ ਲਗਦੀ ਹੈ ।

ਲੜਕੀ : ਸਭਾਪਤੀ ਜੀ, ਬਜ਼ੁਰਗੋ, ਭਰਾਵੋ ਤੇ ਭੈਣੋ, ਤੁਸੀਂ ਅੱਜ ਦੁਨੀਆ

ਭਰ ਦੇ ਮਹਾਨ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਇਕੱਤਰ ਹੋਏ ਹਾਂ। ਸਦੀਆਂ ਤੋਂ ਅਸੀਂ ਇਸ ਖ਼ੂਨੀ ਸਾਕੇ ਨੂੰ ਰਸਮੀ ਤੌਰ ਤੇ ਮਨਾਂਦੇ ਆ ਰਹੇ ਹਾਂ। ਪਰ ਅਸੀਂ ਇਸ ਅਦੁੱਤੀ ਸ਼ਹੀਦੀ ਦੀ ਇਤਿਹਾਸਕ ਮਹੱਤਤਾ ਜਾਨਣ ਦੀ ਕਦੇ ਕੋਸ਼ਿਸ਼ ਨਹੀਂ ਕੀਤੀ। ਤਾਰੀਖ਼ ਗਵਾਹ ਹੈ, ਸਰਹੰਦ ਦੇ ਏਸ ਸਾਕੇ ਨੇ ਭਾਰਤ ਵਿਚ ਇਕ ਨਵਾਂ ਜੁਗ ਪਲਟਾਇਆ ਸੀ; ਦੇਸ਼ ਦੀ ਮੁਰਦਾ ਹੋ ਚੁਕੀ ਰੂਹ ਵਿਚ ਇਕ ਨਵੀਂ ਜਾਨ ਭਰੀ ਸੀ। ਉਹ ਕਿਹੜੀ ਕਰਾਮਾਤ ਤੇ ਕਿਹੜਾ ਕ੍ਰਿਸ਼ਮਾ ਸੀ ਜਿਸ ਨੇ ਸਦੀਆਂ ਤੋਂ ਲਤਾੜੇ ਹੋਏ ਕਿਰਤੀ ਕਿਸਾਨਾਂ ਨੂੰ ਦਿਨਾਂ ਅੰਦਰ ਪੰਜਾਬ ਦੀ ਕਿਸਮਤ ਦੇ ਮਾਲਕ ਬਣਾ ਦਿੱਤਾ ਸੀ ? ਕੀ ਦਸ ਸਕਦੇ ਹੋ ?

ਭਰਾਵੋ, ਜੇ ਅੱਜ ਦੇ ਸ਼ੁਭ ਦਿਹਾੜੇ ਉਨ੍ਹਾਂ ਮਹਾਨ ਸ਼ਹੀਦਾਂ ਦੇ ਸਿਦਕ, ਉਨ੍ਹਾਂ ਦੀ ਕੁਰਬਾਨੀ ਅਤੇ ਦ੍ਰਿੜ੍ਹਤਾ ਨੂੰ ਆਪਣੀਆਂ ਰੂਹਾਂ ਵਿਚ ਨਹੀਂ ਸਮੋਂਦੇ ਤਾਂ ਸਾਡੀ ਇਹ ਰਸਮੀ ਸ਼ਰਧਾਜਲੀ ਕੋਈ ਅਰਥ ਨਹੀਂ ਰੱਖਦੀ।

ਬਹੁਤੀਆਂ ਅਵਾਜ਼ਾਂ : ਵਾਹ ਵਾਹ ! ਧੰਨ ਧੰਨ !

ਲੜਕੀ : ਮੈਂ ਅਜ ਤੁਹਾਨੂੰ ਓਸ ਸਾਕੇ ਦੀ ਕੇਵਲ ਇਕ ਝਾਕੀ ਦਿਖਾਣਾ ਚਾਹੁੰਦੀ ਹਾਂ, ਪੁਰਾਣੇ ਢੰਗ ਨਾਲ ਨਹੀਂ, ਸਗੋਂ ਨਵੇਂ ਨਾਟਕੀ ਰੂਪ ਵਿਚ।

ਬਜ਼ੁਰਗੋ, ਹਰ ਜਮਾਨਾ ਪੁਰਾਣੇ ਇਤਿਹਾਸ ਵਿਚੋਂ ਨਵੇਂ ਅਰਥ ਲੱਭਦਾ ਹੈ। ਕੌਮਾਂ ਮੁਰਦਾ ਹੋ ਜਾਂਦੀਆਂ ਨੇ ਜੇ ਉਹ ਨਵੇਂ ਭਾਵ ਨਾ ਕਢਣ। ਇਤਿਹਾਸ ਕੌਮਾਂ ਦੀ ਜਿੰਦ ਜਾਨ ਤਾਂ ਹੀ ਬਣਦਾ ਹੈ ਜੇ ਉਸ ਵਿਚ ਵਰਤਮਾਨ ਤੇ ਭਵਿੱਖ ਲਈ ਕੋਈ ਪ੍ਰੇਰਨਾ-ਸ਼ਕਤੀ ਹੋਵੇ।

ਸਜਣੋ ਤੇ ਭੈਣੋ, ਛੋਟੇ ਸਾਹਿਬਜ਼ਾਦਿਆਂ ਦੇ ਕਾਤਲ ਨਵਾਬ ਵਜ਼ੀਰ ਖ਼ਾਂ ਦੀ ਕਰਤੂਤ ਹਰ ਜ਼ਮਾਨੇ ਵਿਚ ਫਿਟਕਾਰੀ ਜਾਵੇਗੀ। ਵਜ਼ੀਰ ਖ਼ਾਂ ਭੁੱਲ ਗਿਆ ਸੀ ਕਿ ਹਰ ਕਰਮ ਦਾ ਪ੍ਰਤੀਕਰਮ ਹੁੰਦਾ ਹੈ। ਹਾਕਮਾਂ ਦੀ ਹਰ ਕਰਨੀ ਦਾ ਇਤਿਹਾਸ ਜਵਾਬ ਮੰਗਦਾ ਹੈ। 'ਪਾਪੀ ਕੇ ਮਾਰਨੇ ਕੋ ਪਾਪ ਮਹਾਂ ਬਲੀ' ਅਨੁਸਾਰ ਵਜ਼ੀਰ ਖ਼ਾਂ ਦੇ ਪਾਪ ਕੰਬਦੇ ਤੁਸੀਂ ਖ਼ੁਦ ਅਨੁਭਵ ਕਰੋਗੇ ਅਤੇ ਪਰਤੱਖ ਰੂਪ ਵਿਚ ਦੇਖੋਗੇ।

ਭਾਈ ਸਾਹਿਬ ਜੀ, ਆਓ ਅਸੀਂ ਵੀ ਦਰਸ਼ਕ ਵਿਚ ਬੈਠ ਕੇ

ਹਰਚਰਨ ਸਿੰਘ ਦਾ ਨਾਟਕ 'ਸਰਹੰਦ ਦੀ ਕੰਧ' ਦੇਖੀਏ ਤੇ ਪਰਖੀਏ।

[ਉਨ੍ਹਾਂ ਦੇ ਹੇਠ ਉਤਰਦਿਆਂ ਉੱਚੀ ਸੁਰ ਵਿਚ ਪਰਦੇ ਪਿਛੋਂ ਅਵਾਜ਼ ਆਉਂਦੀ ਹੈ।]

"ਸੂਰਾ ਸੋ ਪਹਿਚਾਨੀਐ ਜੁ ਲਰੈ ਦੀਨ ਕੇ ਹੇਤ।
ਪੁਰਜਾ ਪੁਰਜਾ ਕਟਿ ਮਰੈ ਕਬਹੂ ਨ ਛਾਡੈ ਖੇਤੁ।"

## ਰੂਪਕ

ਸਮਾਂ : ਮਈ ੧੭੧੦

ਵਕਤ : ਰਾਤ ਦਾ ਪਹਿਲਾ ਪਹਿਰ

ਸਥਾਨ : ਸਰਹਿੰਦ

ਝਾਕੀ :

ਸ਼ਾਹੀ ਹਰਮ । ਅਜ਼ਾਨ । ਨਵਾਬ ਵਜ਼ੀਰ ਖ਼ਾਂ ਅੱਧ ਸੁਤੀ ਹਾਲਤ ਵਿਚ ਉਖੜ-ਵਾਹਾ ਉਠਦਾ ਹੈ । ਅਚੇਤ ਅਵਸਥਾ ਵਿਚ ਉਸ ਦੇ ਮੂੰਹੋਂ ਨਿਕਲਦਾ ਹੈ : "ਯਾ ਅੱਲਾ ਰਹਿਮ ਕਰ ! ਮੈਂ ਗੁਨਾਹਗਾਰ ਹਾਂ, ਫ਼ਜ਼ਲ ਕਰ !"

ਅਜ਼ਾਨ ਦਾ ਸੁਤੇ ਸਿੱਧ ਉਸ ਦੇ ਮਨ ਤੇ ਅਸਰ ਹੁੰਦਾ ਹੈ। ਸਜਦੇ ਦੀ ਸ਼ਕਲ ਵਿਚ ਗੋਡਿਆਂ ਭਾਰ ਹੋ ਜਾਂਦਾ ਹੈ ।

ਸ਼ਾਹੀ ਘੜਿਆਲ ਖੜਕਦਾ ਹੈ ।

ਵਜ਼ੀਰ ਖ਼ਾਂ : (ਕੰਨਾਂ ਤੇ ਹੱਥ ਰੱਖ ਕੇ) ਬੰਦ ਕਰੋ । ਬੰਦ ਕਰੋ । ਫ਼ੌਰਨ ਬੰਦ ਕਰੋ ਇਹ ਮਨਹੂਸ ਆਵਾਜ਼ ।

ਪਹਿਲੀ ਅਵਾਜ਼ : (ਠਰੰਮੇ ਤੇ ਗੰਭੀਰਤਾ ਨਾਲ) ਇਹ ਆਵਾਜ਼ ਬੰਦ ਨਹੀਂ ਹੋ ਸਕਦੀ ।

ਵਜ਼ੀਰ ਖ਼ਾਂ : (ਨਵਾਬੀ ਆਕੜ ਨਾਲ) ਬੰਦ ਕਿਉਂ ਨਹੀਂ ਹੋ ਸਕਦੀ ?

ਪਹਿਲੀ ਅਵਾਜ਼ : ਕਿਉਂਕਿ ਇਹ ਵਕਤ ਦੀ ਆਵਾਜ਼ ਹੈ ।

ਵਜ਼ੀਰ ਖ਼ਾਂ : (ਡਰ ਕੇ) ਤੂੰ ਕੌਣ ਹੈਂ ?

ਪਹਿਲੀ ਅਵਾਜ਼ : ਸੱਚ ਦੀ ਆਵਾਜ਼, ਤੇਰੀ ਜ਼ਮੀਰ ਦੀ ਟੁਣਕਾਰ ।

ਦੂਜੀ ਅਵਾਜ਼ : (ਹੌਲੀ ਪਰ ਉਕਸਾਊ) ਵਜ਼ੀਰ ਖ਼ਾਂ, ਤੂੰ ਇਸ ਆਵਾਜ਼ ਨੂੰ ਬੰਦ ਕਰ ਸਕਦਾ ਹੈਂ !

ਵਜ਼ੀਰ ਖ਼ਾਂ : ਮੇਰਾ ਹੁਕਮ ਹੈ ਏਸ ਨੂੰ ਫ਼ੌਰਨ ਬੰਦ ਕਰੋ।

ਪਹਿਲੀ ਅਵਾਜ਼ : ਵਕਤ ਦੇ ਵੇਗ ਨੂੰ ਕੋਈ ਨਹੀਂ ਠਲ੍ਹ ਸਕਦਾ, ਤੇਰਾ ਸ਼ਹਿਨਸ਼ਾਹ ਵੀ ਨਹੀਂ।

ਦੂਜੀ ਅਵਾਜ਼ : ਨਵਾਬ ਵਜ਼ੀਰ ਖ਼ਾਂ ! ਤੂੰ ਰੋਕ ਪਾ ਸਕਦਾ ਹੈਂ !

ਵਜ਼ੀਰ ਖ਼ਾਂ : ਮੈਂ ਘੜਿਆਲ ਨੂੰ ਤੋੜ-ਭੰਨ ਦਿਆਂਗਾ, ਘੜਿਆਲੀ ਨੂੰ ਕੈਦਖ਼ਾਨੇ ਵਿਚ ਸੁੱਟ ਦਿਆਂਗਾ।

ਪਹਿਲੀ ਅਵਾਜ਼ : (ਉੱਚੀ ਵਿਅੰਗ ਭਰੇ ਹਾਸੇ ਵਿਚ) ਵਜ਼ੀਰ ਖ਼ਾਂ, ਇਹ ਆਵਾਜ਼ ਤੇਰੀ ਮੌਤ ਦਾ ਪੈਗਾਮ ਹੈ, ਇਹ ਅਖ਼ੀਰ ਦਮ ਤਕ ਤੇਰਾ ਪਿੱਛਾ ਨਹੀਂ ਛਡੇਗੀ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਆਪਣੀ ਹਸਤੀ ਨੂੰ ਪਛਾਣ, ਤੂੰ ਵਸੀਹ ਸੂਬਾ ਸਰਹੰਦ ਦਾ ਮਾਲਿਕ ਹੈਂ।

ਵਜ਼ੀਰ ਖ਼ਾਂ : ਮੈਂ ਕਹਿੰਦਾ ਹਾਂ, ਇਸ ਤੋਂ ਪਿੱਛਾ ਛੁਡਾਉਣ ਦੀ ਮੇਰੇ ਵਿਚ ਤਾਕਤ ਹੈ।

ਪਹਿਲੀ ਅਵਾਜ਼ : (ਵਿਅੰਗ ਨਾਲ) ਵਜ਼ੀਰ ਖ਼ਾਂ, ਤੂੰ ਵੀ ਆਪਣੇ ਸ਼ਹਿਨਸ਼ਾਹ ਵਾਂਗ ਇਕ ਟਿਮਟਿਮਾਉਂਦਾ ਦੀਵਾ ਹੈਂ : ਏਸ ਅਥਾਹ ਕਾਇਨਾਤ ਵਿਚ ਇਕ ਨਿੱਕਾ ਜਿਹਾ ਜ਼ੱਰਾ। ਤੇਰਾ ਗੁਮਾਨ ਛੇਤੀ ਟੁਟ ਜਾਵੇਗਾ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਡਰੋ ਨਹੀਂ, ਹੁਕਮਰਾਨ ਗੁਨਾਹਾਂ ਤੋਂ ਬਾਲਾਤਾਰ ਹੁੰਦੇ ਨੇ। ਪਾਪ ਉਨ੍ਹਾਂ ਨੂੰ ਪੋਹ ਨਹੀਂ ਸਕਦੇ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ ਤੇਰੇ ਪਾਪਾਂ ਦਾ ਚੱਕਰ ਪੂਰਾ ਗੇੜ ਕਟ ਚੁੱਕਾ ਹੈ। ਸਿੰਘਾਂ ਦੀ ਤਲਵਾਰ ਤੇਰਾ ਹੰਕਾਰ ਤੋੜ ਦੇਵੇਗੀ, ਛੇਤੀ ਭਰਮ ਦੂਰ ਹੋ ਜਾਵੇਗਾ।

ਵਜ਼ੀਰ ਖ਼ਾਂ : (ਡਰ ਨਾਲ ਕੰਬਦਾ ਹੋਇਆ) ਹੈਂ ! ਇਹ ਪਲੰਘ ਡੋਲ ਕਿਉਂ ਰਿਹਾ ਏ ?

ਪਹਿਲੀ ਅਵਾਜ਼ : ਇਹ ਪਲੰਘ ਨਹੀਂ ਹਿਲ ਰਿਹਾ, ਮੁਗ਼ਲ ਸਲਤਨਤ ਦਾ ਤਖ਼ਤਾ ਡੋਲ ਰਿਹਾ ਹੈ।

ਵਜ਼ੀਰ ਖ਼ਾਂ : (ਡਰ ਨਾਲ 'ਕਠਾ ਹੁੰਦਾ ਹੋਇਆ) ਹੈਂ ! ਤਲਵਾਰ ਹਵੱਾ ਵਿਚ ਲਟਕ ਰਹੀ ਹੈ ! ਅੰਦਰ ਕੌਣ ਆ ਸਕਦਾ ਹੈ ! ਬਾਹਰ ਕਰੜਾ ਪਹਿਰਾ ਹੈ। (ਹੱਥਾਂ ਨਾਲ ਤੋੜੀ ਵਜੱਾ ਕੇ) ਚੋਬਦਾਰ ! ਕੋਈ ਹੈ ? ਕੋਈ ਨਹੀਂ ਬੋਲ ਰਿਹਾ ? ਅਜੀਬ ਮਾਮਲਾ ਹੈ !

ਪਹਿਲੀ ਅਵਾਜ਼ : (ਵਿਅੰਗ ਭਰੇ ਹਾਸੇ ਨਾਲ) ਖ਼ੂਬ, ਬਹਾਦਰ ਨਵਾਬ ਦੇ ਹੱਥ

ਪੈਰ ਕਿਉਂ ਕੰਬ ਰਹੇ ਨੇ ? ਅਸਲ ਵਿਚ ਵਜ਼ੀਰ ਖ਼ਾਂ, ਤੂੰ ਨਹੀਂ ਤੇਰੇ ਪਾਪ ਕੰਬ ਰਹੇ ਨੇ ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਦਿਲ ਤਕੜਾ ਰੱਖ । ਤੂੰ ਸੂਬਾ ਸਰਹੰਦ ਦਾ ਸ਼ੇਰ ਹੈਂ । ਲੋਕ ਤੇਰਾ ਨਾਮ ਸੁਣ ਕੇ ਕੰਬਦੇ ਨੇ ।

ਪਹਿਲੀ ਅਵਾਜ਼ · ਸਿੰਘਾਂ ਦੀ ਤਲਵਾਰ ਅੱਗੇ ਤੇਰੇ ਹੌਸਲੇ ਪਸਤ ਹੋ ਜਾਣਗੇ ।

ਵਜ਼ੀਰ ਖ਼ਾਂ : (ਡਰ ਕੇ) ਹੈਂ ਤਲਵਾਰ ਮੇਰੇ ਵਲ ਆ ਰਹੀ ਹੈ ? ਨਾਇਬ ਫ਼ੌਜਦਾਰ ਦੀਵਾਨ ਸੁੱਚਾ ਨੰਦ ! ਜਲਦੀ ਆਓ ! ਮੈਨੂੰ ਬਚਾਓ !

ਦੂਜੀ ਅਵਾਜ਼ : ਵਜ਼ੀਰ ਖ਼ਾਂ, ਡਰੋ ਮਤ ! ਕਾਫ਼ਰਾਂ ਲਈ ਤੂੰ ਹਊਆ ਹੈਂ ! ਤੇਰੀ ਫ਼ੌਜ ਬਹੁਤ ਤਾਕਤਵਰ ਹੈ । ਉਸ ਦਾ ਟਾਕਰਾ ਕਰਨ ਦੀ ਕਿਸੇ ਵਿਚ ਹਿੰਮਤ ਨਹੀਂ ।

ਵਜ਼ੀਰ ਖ਼ਾਂ : ਬਿਲਕੁਲ ਠੀਕ ਹੈ ।

ਦੂਜੀ ਅਵਾਜ਼ : ਨਵਾਬ ਸਾਹਿਬ, ਬੇ-ਖ਼ੌਫ਼ ਰਹੀਏ, ਮੇਰੇ ਜੀਊਂਦੇ-ਜੀ ਆਪ ਦੀ ਵਾ ਵਲ ਕੋਈ ਝਾਕ ਨਹੀਂ ਸਕਦਾ ।

ਵਜ਼ੀਰ ਖ਼ਾਂ : ਸ਼ਾਬਾਸ਼ ਨਾਇਬ ਫ਼ੌਜਦਾਰ ! ਤੂੰ ਵਾਕਿਆ ਈ ਬਹੁਤ ਬਹਾਦਰ ਹੈਂ । ਮੈਂ ਤੇਰੀ ਹੋਰ ਤਰੱਕੀ ਕਰਾਂਗਾ ।

ਦੂਜੀ ਅਵਾਜ਼ : ਜਹਾਂ ਪਨਾਹ, ਖ਼ਾਦਮ ਹਾਜ਼ਰ ਹੈ ।

ਵਜ਼ੀਰ ਖ਼ਾਂ : ਕੌਣ ! ਦੀਵਾਨ ਸੁੱਚਾ ਨੰਦ ! ਬਹੁਤ ਅੱਛਾ !

ਦੂਜੀ ਅਵਾਜ਼ : ਅੰਨ-ਦਾਤਾ ! ਗੁਸਤਾਖ਼ੀ ਮੁਆਫ਼, ਸਰਹੰਦ ਦੇ ਮਾਲਿਕ ਨੂੰ ਇਹ ਡਰ-ਭਉ ਨਹੀਂ ਸੋਭਦੇ ।

ਵਜ਼ੀਰ ਖ਼ਾਂ : (ਲੜਖੜਾਂਦੀ ਜ਼ਬਾਨ ਨਾਲ) ਹੈਂ, ਘਬਰਾਂਦਾ ਕੌਣ ਹੈ ! ਤੁਹਾਡੇ ਹੁੰਦਿਆਂ ਮੈਨੂੰ ਕਿਸ ਗੱਲ ਦਾ ਡਰ ਹੈ ? ਮੇਰੇ ਬਹਾਦਰ ਵਫ਼ਾਦਾਰ ਅਹਿਲਕਾਰ ਮੇਰੇ ਪਾਸ ਆਓ ।

ਦੂਜੀ ਅਵਾਜ਼ : ਜਹਾਂ ਪਨਾਹ, ਅਸੀਂ ਤੁਹਾਡੀ ਆਈ ਮਰਨ ਵਾਲੇ ਖ਼ਾਦਮ ਹਾਂ ।

ਵਜ਼ੀਰ ਖ਼ਾਂ : (ਖੁਸ਼ ਹੋ ਕੇ) ਤੂੰ ਸੱਚ-ਮੁੱਚ ਹੀਰਾ ਹੈਂ । ਤੂੰ ਮੇਰਾ ਸਭ ਤੋਂ ਵਫ਼ਾਦਾਰ ਮੁਲਾਜ਼ਮ ਹੈਂ । ਤੇਰੀਆਂ ਦਲੀਲਾਂ ਨੇ ਮੈਨੂੰ ਬਹੁਤ ਹੌਸਲਾ ਦਿੱਤਾ ਸੀ । ਸ਼ੇਰ ਮੁਹੰਮਦ ਖ਼ਾਂ ਦੀਆਂ ਬੇਦਲੀਲਾਂ ਨੇ ਮੇਰਾ ਦਿਲ ਢਾਹ ਦਿੱਤਾ ਸੀ ।

ਦੂਜੀ ਅਵਾਜ਼ : ਹਜ਼ੂਰ, ਇਹ ਖ਼ਾਦਮ ਤੁਹਾਡੇ ਪੈਰਾਂ ਦੀ ਖ਼ਾਕ ਹੈ । ਵਾਰ ਵਾਰ ਅਜ਼ਮਾ ਕੇ ਦੇਖੋ ।

ਵਜ਼ੀਰ ਖ਼ਾਂ : ਦੀਵਾਨ ਸੁੱਚਾ ਨੰਦ, ਮੈਂ ਤੇਰੇ ਤੇ ਨਿਹਾਇਤ ਖ਼ੁਸ਼ ਹਾਂ । ਸ਼ਹਿਨਸ਼ਾਹ ਪਾਸ ਮੈਂ ਤੇਰੀ ਜ਼ੋਰਦਾਰ ਸਿਫ਼ਾਰਸ਼ ਕਰਾਂਗਾ । ਤੂੰ ਸੂਬਾ ਸਰਹਿੰਦ

ਦੀ ਬਹੁਤ ਖ਼ਿਦਮਤ ਕੀਤੀ ਹੈ ।

ਦੂਜੀ ਅਵਾਜ਼ : ਮਿਹਰਬਾਨ, ਆਪ ਇਨਸਾਫ਼ ਔਰ ਨੇਕੀ ਦੀ ਜੀਂਦੀ ਤਸਵੀਰ ਹੋ ।

ਵਜ਼ੀਰ ਖ਼ਾਂ : (ਖ਼ੁਸ਼ ਹੋ ਕੇ) ਵਾਕਿਆ ਈ ਤੂੰ ਨਿਮਕ-ਹਲਾਲ ਮੁਲਾਜ਼ਮ ਹੈਂ ।

ਦੂਜੀ ਅਵਾਜ਼ : ਇਸੇ ਵਾਸਤੇ ਖ਼ਾਦਮ ਨੇਕ ਸਲਾਹ ਦੇਣੋਂ ਕਦੇ ਨਹੀਂ ਝਕਦਾ ।

ਵਜ਼ੀਰ ਖ਼ਾਂ : ਕਿਆ ਹੈ ਉਹ ਮਸ਼ਵਰਾ, ਜਲਦੀ ਬੋਲ ।

ਦੂਜੀ ਅਵਾਜ਼ : ਜਹਾਂ ਪਨਾਹ ! ਡਰ ਤੇ ਪਛਤਾਵੇ ਨੇ ਤੁਹਾਡਾ ਦਿਲ ਬਹੁਤ ਕਮਜ਼ੋਰ ਕਰ ਦਿੱਤਾ ਹੈ । ਆਲਾ ਹਾਕਮ ਹੁਕਮ ਦੇਣ ਪਿਛੋਂ ਕਦੇ ਨਹੀਂ ਪਛਤਾਂਦੇ । ਜਾਬਰ ਹੋਣਾ ਹੁਕਮਰਾਨਾਂ ਦਾ ਕਸਬ ਹੈ ।

ਵਜ਼ੀਰ ਖ਼ਾਂ : ਕਿਆ ਜੋ ਕੁਛ ਮੈਂ ਕੀਤਾ ਹੈ, ਠੀਕ ਕੀਤਾ ਹੈ ?

ਦੂਜੀ ਅਵਾਜ਼ : ਬਿਲਕੁਲ ਦਰੁੱਸਤ । ਉਹ ਹਜ਼ੂਰ ਦੇ ਜਾਨੀ ਦੁਸ਼ਮਣ ਦੇ ਬੱਚੇ ਸਨ, ਨਿਹਾਇਤ ਗ਼ਮਰੂਰ । ਕੋਈ ਵਹਿਮ ਭਰਮ ਨਾ ਕਰੋ । ਗ਼ਲਤ ਖ਼ਿਆਲ ਤੁਹਾਡਾ ਮਨ ਕਮਜ਼ੋਰ ਕਰ ਰਹੇ ਨੇ । ਉਹ ਬੁਜ਼ਦਿਲ ਬੱਚੇ......

ਪਹਿਲੀ ਅਵਾਜ਼ : ਉਹ ਸ਼ੇਰ-ਦਿਲ ਬੱਚੇ ਸਨ । ਸਿੱਖੀ ਦੀ ਰੂਹਾਨੀ ਸ਼ਕਤੀ ਦੇ ਚਿੰਨ੍ਹ ।

ਦੂਜੀ ਅਵਾਜ਼ : ਜਨਾਬ, ਉਹ ਤੁਹਾਡੇ ਅੱਗੇ ਸਿਰ ਝੁਕਾਣ ਲਈ ਤਿਆਰ ਨਹੀਂ ਸਨ ।

ਵਜ਼ੀਰ ਖ਼ਾਂ : ਮੈਂ ਉਨ੍ਹਾਂ ਦਾ ਸਿਰ ਹਮੇਸ਼ਾ ਲਈ ਝੁਕਾ ਦਿਤਾ ਹੈ । ਗੁਸਤਾਖ਼ੀ ਦਾ ਮਜ਼ਾ ਚਖਾ ਦਿੱਤਾ ਹੈ ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਹਿੰਦੁਸਤਾਨ ਭਰ ਦੇ ਕਾਫ਼ਰ ਇਹ ਸੁਣ ਕੇ ਦਹਿਲ ਗਏ ਨੇ । ਤੂੰ ਬੇਖ਼ੌਫ਼ ਹਕੂਮਤ ਕਰ ਸਕਦਾ ਹੈਂ ।

ਵਜ਼ੀਰ ਖ਼ਾਂ : (ਉੱਚੀ ਹੱਸਦਾ ਹੋਇਆ) ਮੈਨੂੰ ਕਿਸ ਦਾ ਡਰ ਹੈ ? ਸ਼ਹਿਨਸ਼ਾਹ ਦੀ ਨਜ਼ਰ ਮੇਰੇ ਤੇ ਸਵੱਲੀ ਹੈ ।

ਪਹਿਲੀ ਅਵਾਜ਼ : ਨਾਚੀਜ਼ ਵਜ਼ੀਰ ਖ਼ਾਂ, ਤੂੰ ਭੁਲਦਾ ਹੈਂ । ਉਹ ਬੱਚੇ ਅਜੇ ਵੀ ਜੀਊਂਦੇ ਨੇ । ਸਾਮ੍ਹਣੇ ਕੰਧ ਵਲ ਦੇਖ, ਜੇ ਹੈ ਹਿੰਮਤ !

ਵਜ਼ੀਰ ਖ਼ਾਂ : (ਡਰ ਨਾਲ ਸਾਮ੍ਹਣੇ ਦੇਖਦਾ ਹੋਇਆ) ਹੈਂ ! ਉਹ ਜੀਊਂਦੇ ਨੇ ?

ਦੂਜੀ ਅਵਾਜ਼ : ਵਜ਼ੀਰ ਖ਼ਾਂ, ਇਹ ਤੇਰੇ ਮਨ ਦਾ ਡਰ-ਭਉ ਹੈ । ਤੇਰੇ ਪਛਤਾਵੇ ਦੀ ਡਰਾਊਣੀ ਸ਼ਕਲ । ਬੱਚੇ ਮਰ-ਮਿਟ ਚੁੱਕੇ ਨੇ । ਖ਼ਾਕ ਵਿਚ ਮਿਲ ਚੁੱਕੇ ਨੇ । ਉਹਨਾਂ ਦਾ ਕੋਈ ਨਾਮੋ-ਨਿਸ਼ਾਨ ਨਹੀਂ ਰਿਹਾ ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ ! ਜ਼ੋਰਾਵਰ ਫ਼ਤਹ ਸਿੰਘ ਅਮਰ ਹੈਨ । ਉਨ੍ਹਾਂ ਦੀ

ਰੂਹ ਮੁਰਦੇ ਦਿਲਾਂ ਵਿਚ ਘਰ ਕਰ ਚੁੱਕੀ ਹੈ । ਉਨ੍ਹਾਂ ਦੀ ਕੁਰਬਾਨੀ ਨੇ ਪੰਜਾਬ ਨੂੰ ਭੂਣ ਜਗਾਇਆ ਹੈ ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਹੁਕਮਰਾਨ ਲਈ ਜਾਬਰ ਹੋਣਾ ਲਾਜ਼ਮੀ ਹੈ । ਸਖ਼ਤੀ ਤੋਂ ਬਿਨਾਂ ਹਕੂਮਤ ਹੋ ਹੀ ਨਹੀਂ ਸਕਦੀ । ਉਸ ਨਗੂਣੇ ਵਾਕੇ ਨੂੰ ਲੋਕੀ ਭੁਲ-ਭੁਲਾ ਚੁੱਕੇ ਨੇ । ਤੂੰ ਕਿਨ੍ਹਾਂ ਵਹਿਮ-ਭਰਮਾਂ ਵਿਚ ਭੁੱਲਿਆ ਹੋਇਆ ਹੈਂ !

ਪਹਿਲੀ ਅਵਾਜ਼ : ਉਨ੍ਹਾਂ ਦੀ ਸ਼ਹੀਦੀ, ਦੁਨੀਆ ਦੀ ਤਾਰੀਖ਼ ਦਾ ਇਕ ਅਟੱਲ ਸਾਕਾ ਹੈ। ਉਨ੍ਹਾਂ ਦੀ ਰੂਹਾਨੀ ਸ਼ਕਤੀ ਸਿੰਘਾਂ ਦੀ ਰਗ ਰਗ ਵਿਚ ਫਰਕਦੀ ਹੈ । ਵਜ਼ੀਰ ਖ਼ਾਂ, ਹੁਸ਼ਿਆਰ ਹੋ ਜਾ, ਅਨਗਿਣਤ ਜ਼ੋਰਾਵਰ ਸਿੰਘ ਫ਼ਤਹ ਪ੍ਰਾਪਤ ਕਰਦੇ ਆ ਰਹੇ ਨੇ ।

ਦੂਜੀ ਅਵਾਜ : ਵਜ਼ੀਰ ਖ਼ਾਂ, ਉਹ ਮੁਗ਼ਲ ਫ਼ੌਜ ਨਾਲ ਟਕਰਾ ਕੇ ਚਕਨਾ ਚੂਰ ਹੋ ਜਾਣਗੇ ।

ਵਜ਼ੀਰ ਖ਼ਾਂ : ਬਿਲਕੁਲ ਦਰੁੱਸਤ । ਮੁਗ਼ਲਈ ਤਾਕਤ ਦੀ ਕੋਈ ਇੰਤਹਾ ਨਹੀਂ । ਸ਼ਾਹ ਆਲਮ ਸ਼ਹਿਨਸ਼ਾਹ ਬਹਾਦਰ ਸ਼ਾਹ ਮਹਾਰਾਜਾ ਅਸ਼ੋਕ, ਬਾਦਸ਼ਾਹ ਅਕਬਰ ਤੋਂ ਵੀ ਵਸੀਹ ਸਲਤਨਤ ਦਾ ਮਾਲਿਕ ਹੈ ।

ਪਹਿਲੀ ਅਵਾਜ : ਉਸ ਦੀ ਤਾਕਤ ਦੇ ਥੰਮ੍ਹ ਰਜਵਾੜੇ ਤੇ ਜਗੀਰਦਾਰ ਨੇ, ਜੋ ਅੰਦਰੋਂ ਹਮੇਸ਼ਾ ਬੇਵਫ਼ਾ ਹੁੰਦੇ ਨੇ। ਸਿੰਘ ਦੀ ਸ਼ਕਤੀ ਜਨਤਾ ਦੀ ਬੇ-ਪਨਾਹ ਤਾਕਤ ਹੈ । ਅੰਮ੍ਰਿਤ ਨੇ ਸਿੰਘਾਂ ਵਿਚ ਭਗਤੀ ਤੇ ਸ਼ਕਤੀ ਭਰ ਦਿੱਤੀ ਹੈ । ਉਨ੍ਹਾਂ ਨੂੰ ਨਿਰਾਲੇ ਸੰਤ-ਸਿਪਾਹੀ ਬਣਾ ਦਿੱਤਾ ਹੈ । ~~ਤੂੰ ਅਜੇ ਉਨ੍ਹਾਂ ਦੇ ਹੱਥ ਨਹੀਂ ਦੇਖੇ~~ ।

ਦੂਜੀ ਅਵਾਜ਼ : ਨਵਾਬ ਵਜ਼ੀਰ ਖ਼ਾਂ, ਤੂੰ ਇਨ੍ਹਾਂ ਸਗਾਂ ਦਾ ਖੁਰਾ-ਖੋਜ ਮਿਟਾਉਣ ਲਈ ਪੈਦਾ ਹੋਇਆ ਹੈਂ ।

ਵਜ਼ੀਰ ਖ਼ਾਂ : (ਉੱਚੀ ਹੱਸਦਾ ਹੋਇਆ) ਉਨ੍ਹਾਂ ਦੇ ਗੁਰੂ ਨੂੰ ਮੈਂ ਨਾਦੇੜ ਵਿਚ ਕਤਲ ਕਰਵਾ ਦਿੱਤਾ ਹੈ, ਸਿਰਫ਼ ਦੋ ਪਠਾਣ ਭੇਜ ਕੇ । ਸਿੱਖਾਂ ਦੀ ਰੂਹਾਨੀ ਤਾਕਤ ਦੇ ਦਸਮੇਂ ਨੂੰ ਜੜ੍ਹੋਂ ਉਖੇੜ ਦਿੱਤਾ ਹੈ ।

ਦੂਜੀ ਅਵਾਜ਼ : (ਤਾਹਨੇ ਨਾਲ) ~~ਹੁਣ ਉਸ ਦੀ ਉੱਮਤ ਮੋਏ ਸੱਪ ਵਾਂਗ ਵਿਸ ਘੋਲ ਰਹੀ ਹੈ~~ ਨਵਾਬ ਵਜ਼ੀਰ ਖ਼ਾਂ, ਭੂਤੇ ਹੋਏ ਬੰਦੇ, ਦਾ ਵੀ ਤੂੰ ਸਿਰ ਫੇਹਣਾ ਹੈ । ਫੇਰ ਤੇਰਾ ਰਸਤਾ ਐਨ ਸਾਫ਼ ਹੈ ।

ਵਜ਼ੀਰ ਖ਼ਾਂ : (ਦੰਦ ਕਰੀਚਦਾ ਹੋਇਆ) ਏਸ ਬੰਦੇ ਨੂੰ ਅਜੇ ਤਕ ਮੁਗ਼ਲ ਫ਼ੌਜ ਦੇ ਹੱਥ ਨਹੀਂ ਲੱਗੇ । ਮੈਂ ਉਸ ਬੰਦੇ ਦੀ ਜਾਦੂਗਰੀ ਦਾ ਪੋਲ ਖੋਲ੍ਹ ਕੇ ਰਖ ਦਿਆਂਗਾ ।

ਦੂਜੀ ਅਵਾਜ਼ : ਤੂੰ ਵਜ਼ੀਰ ਖ਼ਾਂ, ਬਹੁਤ ਹੁਸ਼ਿਆਰ ਹੈਂ। ਗੁਰੂ ਵਾਂਗ ਚੇਲੇ ਨੂੰ ਵੀ ਪਾਰ ਬੁਲ੍ਹਾਂ।

ਵਜ਼ੀਰ ਖ਼ਾਂ : (ਹੱਸਦਾ ਹੋਇਆ) ਮੈਂ ਸੁੱਚਾ ਨੰਦ ਦੇ ਭਤੀਜੇ ਨੂੰ ਧੋਖਾ ਦੇਣ ਲਈ ਭੇਜਿਆ ਹੋਇਆ ਹੈ। ਉਹ ਇਕ ਹਜ਼ਾਰੀ ਫ਼ੌਜ ਨਾਲ ਦੁਸ਼ਮਨ ਨਾਲ ਜਾ ਮਿਲਿਆ ਹੈ।

ਦੂਜੀ ਅਵਾਜ਼ : ਸ਼ਾਬਾਸ਼ ਵਜ਼ੀਰ ਖ਼ਾਂ ! ਉਹ ਬੰਦਾ ਤੇਰੇ ਸਾਮ੍ਹਣੇ ਕੋਈ ਹਸਤੀ ਨਹੀਂ, ਤੂੰ ਉਸ ਨੂੰ ਵੀ ਬਗ਼ਾਵਤ ਦਾ ਮਜ਼ਾ ਚਖਾਉਣਾ ਹੈ।

ਵਜ਼ੀਰ ਖ਼ਾਂ : (ਗੁੱਸੇ ਨਾਲ ਮੁੱਠੀ ਮੀਚ ਕੇ) ਮੈਂ ਉਸ ਨੂੰ ਮੁੱਠੀ ਵਿਚ ਮਸਲ ਦਿਆਂਗਾ। ਗੁਰੂ ਵਾਂਗ ਚੇਲੇ ਦੀ ਵੀ ਭਿਣਕ ਤਕ ਨਹੀਂ ਨਿਕਲੇਗੀ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਤੂੰ ਖ਼ੁਸ਼-ਫ਼ਹਿਮੀ ਵਿਚ ਹੈਂ। ਸਿਰਫ਼ ਸਰੀਰ ਨਾਸ ਹੁੰਦਾ ਹੈ। ਸ਼ਬਦ ਰੂਹ ਵਾਂਗ ਅਟੱਲ ਹਨ। ਗੁਰੂ ਦੀ ਬਾਣੀ ਅੰਮ੍ਰਿਤ ਦਾ ਸਦੀਵੀ ਸੋਮਾ ਹੈ। ਉਸ ਮਰਦ ਅਗੰਮੜੇ ਦੇ ਬੋਲ ਲੋਕਾਂ ਵਿਚ ਨਵਾਂ ਸਾਹਸ ਪੈਦਾ ਕਰ ਚੁੱਕੇ ਨੇ। ਉਸ ਨੇ ਰੰਕਾਂ ਨੂੰ ਰਾਜਿਆਂ ਨਾਲ ਤੇ ਚਿੜੀਆਂ ਨੂੰ ਬਾਜਾਂ ਨਾਲ ਲੜਾ ਕੇ ਦਿਖਾ ਦਿੱਤਾ ਹੈ। ਸਾਹਿਬਜ਼ਾਦੇ ਅਜੇ ਵੀ ਜੀਊਂਦੇ ਨੇ, ਜ਼ਰਾ ਸਾਮ੍ਹਣੇ ਕੰਧ ਵਲ ਨਜ਼ਰ ਮਾਰ।

ਵਜ਼ੀਰ ਖ਼ਾਂ : (ਡਰ ਨਾਲ ਕੰਬਦਾ ਹੋਇਆ) ਹੈਂ ਜੀਂਦੇ ਨੇ ! ਕੰਧ ਵਿਚੋਂ ਉਠ ਖੜ੍ਹੇ ਹੋਏ ਨੇ ! ਇਹ ਕਿਆ ਕ੍ਰਿਸ਼ਮਾ ਹੈ !

ਦੂਜੀ ਅਵਾਜ਼ : ਵਜ਼ੀਰ ਖ਼ਾਂ, ਤੈਨੂੰ ਕਿਸ ਗੱਲ ਦੀ ਘਬਰਾਹਟ ਹੈ, ਤੇਰੀ ਫ਼ੌਜ ਬਹੁਤ ਮਜ਼ਬੂਤ ਹੈ। ਉਸ ਨਾਲ ਲੋਹਾ ਲੈਣ ਦੀ ਸਿੱਖਾਂ ਵਿਚ ਹਰਗਿਜ਼ ਹਿੰਮਤ ਨਹੀਂ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਲੋਕ-ਸ਼ਕਤੀ ਬਹੁਤ ਵਿਕਰਾਲ ਹੁੰਦੀ ਹੈ। ਸਰਹੰਦ ਸਿੰਘਾਂ ਨੂੰ ਅਵਾਜ਼ਾਂ ਮਾਰ ਰਹੀ ਹੈ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਤੇਰੀਆਂ ਫ਼ੌਜਾਂ ਪਾਸ ਬੰਦੂਕਾਂ, ਜੰਬੂਰਚੇ, ਹਾਥੀ, ਘੋੜੇ, ਬੇਸ਼ੁਮਾਰ ਅਸਲਾ, ਫੇਰ ਲੱਖਾਂ ਹਥਿਆਰਬੰਦ ਸਿਪਾਹੀ।

ਪਹਿਲੀ ਅਵਾਜ਼ : ਸਿੰਘਾਂ ਵਿਚ ਅਥਾਹ ਰੂਹਾਨੀ ਸ਼ਕਤੀ ਹੈ, ਉਹ ਨੰਗੇ ਧੜ ਲੜਨ ਲਈ ਤਿਆਰ ਹਨ। ਉਹ ਜ਼ੋਰ-ਜ਼ੁਲਮ ਦਾ ਟਾਕਰਾ ਕਰਨ ਲਈ ਉਠ ਖੜੇ ਹੋਏ ਨੇ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਲਾਠੀਆਂ ਕਿਰਪਾਨਾਂ ਦਾ ਬੰਦੂਕਾਂ ਨਾਲ ਕਿਆ ਮੁਕਾਬਲਾ !

ਵਜ਼ੀਰ ਖ਼ਾਂ : (ਖ਼ੁਸ਼ ਹੋ ਕੇ) ਦਰੁਸਤ ਹੈ, ਕਾਫ਼ਰਾਂ ਦਾ ਗਾਜ਼ੀਆਂ ਨਾਲ ਕੋਈ ਮੁਕਾਬਲਾ ਨਹੀਂ। ਮੈਂ ਇਨ੍ਹਾਂ ਨੂੰ......

ਪਹਿਲੀ ਅਵਾਜ਼ : ਵਜ਼ੀਰ ਖ਼ਾਂ ! ਗ਼ੌਰ ਨਾਲ ਸੁਣ, ਸਿੱਖੀ ਸਮੇਂ ਦਾ ਸੱਚ ਹੈ, ਅੰਧਕਾਰ ਵਿਚ ਸੱਚਾਈ ਦੀ ਮਿਸਾਲ। ਮੁਗ਼ਲ ਰਾਜ ਜ਼ੋਰ-ਜ਼ੁਲਮ ਆਸਰੇ ਖੜਾ ਹੈ। ਇਹ ਸੱਚ ਤੇ ਝੂਠ ਦੀ ਲੜਾਈ ਹੈ। ਪੰਜਾਬੀ ਸਦੀਆਂ ਤੋਂ ਜਾਬਰਾਂ ਦਾ ਜ਼ੁਲਮ ਸਹਿੰਦੇ ਆ ਰਹੇ ਸਨ। ਅੰਤ ਗੁਰੂ ਨੇ ਮਜ਼ਲੂਮਾਂ ਨੂੰ ਲਲਕਾਰ ਕੇ ਜਗਾ ਦਿੱਤਾ ਹੈ :—

'ਚੁ ਕਾਰ ਅਜ ਹਮਾ ਹੀਲਤੇ ਦਰ ਗੁਜ਼ੱਸ਼ਤ।
ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ।'

ਵਜ਼ੀਰ ਖ਼ਾਂ : (ਡਰ ਨਾਲ ਕੰਬਦਾ ਹੋਇਆ) ਸੁੱਚਾ ਨੰਦ, ਨਾਇਬ ਫ਼ੌਜਦਾਰ ਕਿਥੇ ਗਏ ? ਮੈਂ ਕੀ ਸੁਣ ਰਿਹਾਂ ?

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਹੋਰ ਸੁਣ, ਗੁਰੂ ਜੀ ਦੀ ਧਰਮ-ਯੁੱਗ ਲਈ ਕਹੀ ਰੱਬ ਅੱਗੇ ਅਰਦਾਸ :

'ਦੇਹਿ ਸ਼ਿਵਾ ਬਰ ਮੋਹਿ ਇਹੈ,
ਸੁਭ ਕਰਮਨ ਤੇ ਕਬਹੂੰ ਨਾ ਟਰੋਂ।
ਨਾ ਡਰੌਂ ਅਰ ਸੌਂ ਜਬ ਜਾਇ ਲਰੌਂ,
ਨਿਸਚੈ ਕਰ ਅਪਨੀ ਜੀਤ ਕਰੌਂ।
ਅਰ ਸਿਖ ਹੌਂ ਅਪਨੇ ਹੀ ਮਨ ਕਉ,
ਇਹ ਲਾਲਚ ਹਉ ਗੁਨ ਤਉ ਉਚਰਉ।
ਜਬ ਆਵ ਕੀ ਅਉਧ ਨਿਧਾਨ ਬਨੈ,
ਅਤ ਹੀ ਰਣ ਮੈਂ ਤਬ ਜੂਝਿ ਮਰਉ।'

ਦੂਜੀ ਅਵਾਜ਼ : ਵਜ਼ੀਰ ਖ਼ਾਂ, ਤਕੜਾ ਹੋ ਕੇ ਆਪਣਾ ਫ਼ਰਜ਼ ਨਿਭਾ, ਮੁਗ਼ਲ ਸਲਤਨਤ ਦੇ ਖ਼ਿਲਾਫ਼ ਇਹ ਸਰਾਸਰ ਬਗ਼ਾਵਤ ਹੈ।

ਵਜ਼ੀਰ ਖ਼ਾਂ : ਇਨ੍ਹਾਂ ਗ਼ਦਾਰਾਂ ਲਈ ਮੈਂ ਰੱਬੀ ਕਹਿਰ ਬਣ ਕੇ ਦੱਸਾਂਗਾ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਸਿੱਖੀ ਜ਼ਮਾਨੇ ਦਾ ਰੂਹਾਨੀ ਇਨਕਲਾਬ ਹੈ। ਤੁਅੱਸਬ, ਜ਼ੋਰ-ਜ਼ੁਲਮ ਦੇ ਬਰਖ਼ਿਲਾਫ਼ ਹੱਕ ਦੀ ਅਵਾਜ਼।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਢਿਲ ਕਿਉਂ ਕਰ ਰਿਹਾ ਹੈਂ ! ਇਸ ਬਗ਼ਾਵਤ ਨੂੰ ਕੁਚਲਣ ਦਾ ਤੈਨੂੰ ਸ਼ਾਹੀ ਫ਼ੁਰਮਾਨ ਹੈ।

ਵਜ਼ੀਰ ਖ਼ਾਂ : ਇਨ੍ਹਾਂ ਬਾਗੀਆਂ ਨੂੰ ਮੈਂ ਸਖ਼ਤ ਤੋਂ ਸਖ਼ਤ ਸਜ਼ਾ ਦੇਵਾਂਗਾ, ਆਰਿਆਂ ਨਾਲ ਇਨ੍ਹਾਂ ਦੇ ਸਿਰ ਕਟਾਵਾਂਗਾ, ਰੰਬੀਆਂ ਨਾਲ ਇਨ੍ਹਾਂ ਦੀਆਂ ਖੋਪਰੀਆਂ......

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਤੂੰ ਭੁਲਦਾ ਹੈਂ। ਇਸ ਇਨਕਲਾਬ ਨੇ ਕਿਰਤੀ-ਕਿਸਾਨਾਂ ਵਿਚ ਨਵੀਂ ਰੂਹ ਫੂਕ ਦਿੱਤੀ ਹੈ। ਕਿਰਤੀ-ਕਾਮਿਆਂ ਨੂੰ ਸਰਦਾਰੀ ਬਖ਼ਸ਼ ਦਿੱਤੀ ਹੈ। ਇਸ ਲਹਿਰ ਨੂੰ ਕੋਈ ਨਹੀਂ ਦਬੌਂ ਸਕਦਾ।

ਵਜ਼ੀਰ ਖ਼ਾਂ : ਹੂੰ! ਕੰਮੀਂ-ਕਮੀਣਾਂ ਨੂੰ ਸਿਰੇ ਚੜ੍ਹਾ ਦਿੱਤਾ ਹੈ। ਮੈਂ ਇਨ੍ਹਾਂ ਦਾ ਸਿਰ ਕੁਚਲ ਦਿਆਂਗਾ। ਉਨ੍ਹਾਂ ਖ਼ਬੀਸਾਂ ਨੂੰ ਮੈਂ ਬਗਾਵਤ ਦਾ ਮਜ਼ਾ ਚਖਾਵਾਂਗਾ। ਸਾਰੀ ਦੁਨੀਆਂ ਥੱਰਾ ਉਠੇਗੀ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਹੁਣ ਇਨ੍ਹਾਂ ਨੂੰ ਕੋਈ ਤਾਕਤ ਦਬੌਂ ਨਹੀਂ ਸਕਦੀ। ਇਹ ਦਿਨੋ-ਦਿਨ ਦੂਣ-ਸਵਾਏ ਹੋਣਗੇ, ਕਿਉਂਕਿ ਸਿੰਘਾਂ ਨੇ ਸਿਰਾਂ ਤੇ ਖ਼ਫਨ ਬੰਨ੍ਹ ਲਏ ਨੇ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਜ਼ਰਾ ਸੋਚ, ਕਿਰਤੀ-ਕਿਸਾਨਾਂ ਦਾ ਬਾਦਸ਼ਾਹਾਂ ਨਾਲ ਕਿਆ ਮੁਕਾਬਲਾ ਹੈ?

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਲੋਕ-ਸ਼ਕਤੀ ਬਾਦਸ਼ਾਹਾਂ ਨਾਲੋਂ ਕਿਤੇ ਬਲਵਾਨ ਹੁੰਦੀ ਹੈ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਜਦ ਸ਼ਾਹੀ ਰੋਹ ਜਾਗ ਪਵੇ ਤਾਂ ਬਾਗੀ ਨੂੰ ਕਿਤੇ ਢੋਈ ਨਹੀਂ ਮਿਲਦੀ।

ਵਜ਼ੀਰ ਖ਼ਾਂ : ਮੈਂ ਸਿੱਖਾਂ ਦਾ ਬੀਜ ਨਾਸ ਕਰਨ ਦੀ ਕਸਮ ਖਾਧੀ ਹੋਈ ਹੈ। ਸਗਾਂ ਦੀ ਹੋਂਦ ਸ਼ਾਹੀ ਅੱਖ ਵਿਚ ਕੰਡੇ ਵਾਂਗ ਰੜਕਦੀ ਹੈ, ਮੈਂ ਇਹ ਕੰਡਾ ਸਦਾ ਲਈ ਕਢ ਦਿਆਂਗਾ। ਮੈਂ ਵੀ ਵਜ਼ੀਰ ਖ਼ਾਂ ਹਾਂ।

ਦੂਜੀ ਅਵਾਜ਼ : ਸ਼ਾਬਾਸ਼, ਵਜ਼ੀਰ ਖ਼ਾਂ! ਹੁਣ ਤੂੰ ਸਹੀ ਸ਼ਕਲ ਵਿਚ ਜ਼ਾਹਰ ਹੋਇਆ ਹੈਂ। ਸ਼ਹਿਨਸ਼ਾਹ ਮੁਹੰਮਦ ਮੁਅੱਜ਼ਮ ਬਹਾਦਰ ਸ਼ਾਹ ਨੇ ਤੈਨੂੰ ਸੂਬਾ ਸਰਹੰਦ ਦੇ ਤਖ਼ਤ ਤੇ ਬਿਠਾਇਆ ਹੈ। ਉਸ ਦੇ ਹਾਕਮਾਂ ਵਿਚੋਂ ਤੂੰ ਸਭ ਤੋਂ ਲਾਇਕ ਹੈ। ਨਵਾਬ ਵਜ਼ੀਰ ਖ਼ਾਂ, ਤੇਰੀ ਧੌਣ ਹਮੇਸ਼ਾ ਉੱਚੀ ਰਹਿਣੀ ਚਾਹੀਦੀ ਹੈ।

ਵਜ਼ੀਰ ਖ਼ਾਂ : ਹੂੰ!

ਦੂਜੀ ਅਵਾਜ਼ : ਹਾਂ, ਇਸ ਤਰ੍ਹਾਂ! ਹੁਣ ਤੂੰ ਪੂਰਾ ਸੁਲਤਾਨ ਲਗਦਾ ਹੈਂ।

ਵਜ਼ੀਰ ਖ਼ਾਂ : ਉਸ ਦੀਵਾਰ ਵਿਚੋਂ ਬੱਚੇ ਫੇਰ......

ਦੂਜੀ ਅਵਾਜ਼ : ਵਜ਼ੀਰ ਖ਼ਾਂ, ਇਹ ਬੱਚੇ ਜੋ ਘੜੀ-ਮੁੜੀ ਤੇਰੇ ਸਾਮ੍ਹਣੇ ਸਿਰ

ਚੁਕਦੇ ਨੇ, ਇਹਨਾਂ ਨੂੰ ਛੇਤੀ ਕਤਲ ਦਾ ਹੁਕਮ ਦੇ, ਤਾਂ ਜੁ ਇਹ ਮੁੜ ਸਿਰ ਨਾ ਚੁੱਕ ਸਕਣ ।

ਵਜ਼ੀਰ ਖ਼ਾਂ : ਮੁਗ਼ਲ ਸਲਤਨਤ ਦੇ ਹਰ ਛੋਟੇ–ਵੱਡੇ ਦੁਸ਼ਮਨ ਨੂੰ ਖ਼ਤਮ ਕਰਨਾ ਮੇਰਾ ਫ਼ਰਜ਼ ਹੈ ।

ਦੂਜੀ ਅਵਾਜ਼ : (ਨਗਾਰੇ ਦੀ ਅਵਾਜ਼ ਪਿਛੋਂ) ਹੋਸ਼ਿਆਰ, ਜਨਾਬ ਨਵਾਬ ਵਜ਼ੀਰ ਖ਼ਾਂ ਮੁਗਲ ਫੌਜਦਾਰ ਸੂਬਾ ਸਰਹੰਦ ਤਸ਼ਰੀਫ਼ ਲਿਆ ਰਹੇ ਹੈਂ ।

ਵਜ਼ੀਰ ਖ਼ਾਂ : (ਇਕ ਦੋ ਕਦਮ ਏਧਰ ਓਧਰ ਚਲ ਕੇ ਪਲੰਘ ਉੱਤੇ ਧੌਣ ਉੱਚੀ ਕਰ ਕੇ ਬੈਠਦਾ ਹੋਇਆ) ਜਾਨੀ ਖ਼ਾਨ ਰੰਗੜ ਵਾਲੀਏ ਮੁਰਿੰਡਾ ਨੂੰ ਪੇਸ਼ ਕਰੋ ।

ਦੂਜੀ ਅਵਾਜ਼ : (ਉੱਚੀ ਅਵਾਜ਼ ਵਿਚ) ਮੁਸੱਮੀ ਜਾਨੀ ਖ਼ਾਂ ਹਾਜ਼ਿਰ ਹੋ ।

ਵਜ਼ੀਰ ਖ਼ਾਂ : ਫੌਰਨ ਪੇਸ਼ ਕਰੋ ।

ਦੂਜੀ ਅਵਾਜ਼ : ਜਾਨੀ ਖ਼ਾਂ ਵਾਲੀਏ ਮੁਰਿੰਡਾ ਹਾਜ਼ਿਰ ਹੈ ਹਜ਼ੂਰ ।

ਵਜ਼ੀਰ ਖ਼ਾਂ : ਜਾਨੀ ਖ਼ਾਂ, ਸਰਕਾਰ ਤੇਰੇ ਤੇ ਨਿਹਾਇਤ ਖ਼ੁਸ਼ ਹੈ, ਮੁਗਲ ਸਲਤਨਤ ਦੇ ਜਾਨੀ ਦੁਸ਼ਮਨ ਦੇ ਬੱਚੇ ਸਾਡੇ ਹਵਾਲੇ ਕੀਤੇ ਹੈਨ । ਇਹ ਖ਼ਬਰ ਬਾਦਸ਼ਾਹ ਸਲਾਮਤ ਨੂੰ ਪੁਚਾ ਦਿੱਤੀ ਜਾਵੇਗੀ । ਇਨਾਮ ਖ਼ਿੱਲਤ ਵਕਤ ਸ਼ਾਹੀ ਜਸ਼ਨ ਬਖ਼ਸ਼ੀ ਜਾਵੇਗੀ ।

ਦੂਜੀ ਅਵਾਜ਼ : ਨਵਾਬ ਸਾਹਿਬ, ਮੈਂ ਸਿਰਫ਼ ਆਪਣਾ ਫ਼ਰਜ਼ ਨਿਬਾਹਿਆ ਹੈ ।

ਵਜ਼ੀਰ ਖ਼ਾਂ : ਇਹ ਬੱਚੇ ਕਿਥੋਂ ਹੱਥ ਲੱਗੇ ਸਨ ?

ਦੂਜੀ ਅਵਾਜ਼ : ਪਿੰਡ ਸਹੇੜੀ ਤੋਂ ਜਨਾਬ ! ਉਥੇ ਗੁਰੂ ਘਰ ਦਾ ਇਕ ਪੁਰਾਣਾ ਰਸੋਈਆ ਗੰਗੂ ਉਨ੍ਹਾਂ ਨੂੰ ਮਾਤਾ ਗੂਜਰੀ ਸਮੇਤ ਵਰਗਲਾ ਲਿਆਇਆ ਸੀ ।

ਵਜ਼ੀਰ ਖ਼ਾਂ : ਗੰਗੂ ਰਸੋਈਏ ਨੂੰ ਸ਼ਾਹੀ ਖ਼ਜ਼ਾਨੇ ਵਿਚੋਂ ਇਨਾਮ ਦਿੱਤਾ ਜਾਵੇ ।

ਪਹਿਲੀ ਅਵਾਜ਼ : (ਮਖ਼ੌਲੀ ਲਹਿਜੇ ਵਿਚ) ਉਸ ਨੂੰ 'ਨੇਕੀ ਦਾ ਫਲ ਮਿਲ ਚੁੱਕਾ ਹੈ, ਜਨਾਬ ।

ਵਜ਼ੀਰ ਖ਼ਾਂ : ਕਿਆ ਮਤਲਬ ?

ਵਜ਼ੀਰ ਖ਼ਾਂ : ਸਰਕਾਰ ਕੁਝ ਲਾਲਚੀ ਬੰਦਿਆਂ ਨੇ ਉਸ ਨੂੰ ਕੁਟ ਕੁਟ ਕੇ ਮਾਰ ਦਿੱਤਾ ਹੈ ।

ਵਜ਼ੀਰ ਖ਼ਾਂ : ਮਾਰ ਦਿੱਤਾ ਹੈ ? ਕਿਸ ਤਰ੍ਹਾਂ ?

ਦੂਜੀ ਅਵਾਜ਼ : ਉਸ ਨੇ ਧੋਖੇ ਨਾਲ ਮਾਤਾ ਗੁਜਰੀ ਦੀ ਮੋਹਰਾਂ ਦੀ ਖੁਰਜੀ ਚੁਰਾ ਲਈ ਸੀ ।

ਵਜ਼ੀਰ ਖ਼ਾਂ : ਮੋਹਰਾਂ ਫ਼ੌਰਨ ਸਰਕਾਰੀ ਖ਼ਜ਼ਾਨੇ ਵਿਚ ਦਾਖ਼ਲ ਕਰੋ।

ਦੂਜੀ ਅਵਾਜ਼ : ਤਫ਼ਤੀਸ਼ ਹੋ ਰਹੀ ਹੈ, ਜਨਾਬ ! ਅਜੇ ਪਤਾ ਨਹੀਂ ਲਗ ਸਕਿਆ।

ਵਜ਼ੀਰ ਖ਼ਾਂ : (ਤਲਮਲਾ ਕੇ) ਇਹ ਕਿਆ ਹਨੇਰ-ਗਰਦੀ ਹੈ ?

ਦੂਜੀ ਅਵਾਜ਼ : ਇਹ ਬਦ-ਅਮਨੀ ਸਿੱਖਾਂ ਦੀ ਪੈਦਾ ਕੀਤੀ ਹੋਈ ਹੈ, ਜਨਾਬ।

ਪਹਿਲੀ ਅਵਾਜ਼ : ਕੋਈ ਧਰਮ-ਨਿਆਂ ਨਹੀਂ ਰਿਹਾ, ਨਵਾਬ ਸਾਹਿਬ ! ਪੰਜਾਬ ਵਿਚ ਸਖਤ ਗੜਬੜ ਹੈ। ਗ਼ਰੀਬ-ਗੁਰਬੇ ਦੀ ਕੋਈ ਦਾਦ ਫ਼ਰਿਆਦ ਨਹੀਂ ਸੁਣਦਾ। ਇਹ ਬਦ-ਅਮਨੀ......

ਵਜ਼ੀਰ ਖ਼ਾਂ : ਤੂੰ ਕੌਣ ਹੈਂ ਵਿਚ ਬੋਲਣ ਵਾਲਾ ?

ਪਹਿਲੀ ਅਵਾਜ਼ : ਹੱਕ ਦੀ ਅਵਾਜ਼ ! ਗ਼ਰੀਬਾਂ ਦੀ ਪੁਕਾਰ।

ਵਜ਼ੀਰ ਖ਼ਾਂ : (ਗੁੱਸੇ ਵਿਚ) ਬੱਚਿਆਂ ਨੂੰ ਪੇਸ਼ ਕਰੋ।

ਦੂਜੀ ਅਵਾਜ਼ : ਬਰਖ਼ੁਰਦਾਰੋ, ਨਵਾਬ ਸਾਹਿਬ ਨੂੰ ਸਲਾਮ ਕਰੋ, ਸਿਰ ਝੁਕਾਓ।

ਵਜ਼ੀਰ ਖ਼ਾਂ : ਇਹਨਾਂ ਦੇ ਜੈਕਾਰੇ ਬੰਦ ਕਰੋ। ਸਿਰ ਝੁਕਾਓ।

ਪਹਿਲੀ ਅਵਾਜ਼ : ਨਵਾਬ ਸਾਹਿਬ, ਇਹ ਸ਼ੇਰ ਬੱਚੇ ਗੁਰੂ ਅਤੇ ਰੱਬ ਤੋਂ ਬਿਨਾਂ ਕਿਸੇ ਅੱਗੇ ਸਿਰ ਨਹੀਂ ਝੁਕਾਂਦੇ।

ਦੂਜੀ ਅਵਾਜ਼ : (ਜ਼ਰਾ ਹੌਲੀ) ਦੇਖੋ ਬੱਚਿਓ, ਨਵਾਬ ਸਾਹਿਬ ਬਹੁਤ ਖ਼ਫ਼ਾ ਹੋ ਗਏ ਨੇ। ਇਨ੍ਹਾਂ ਦਾ ਗੁੱਸਾ ਬੜਾ ਚੰਡਾਲ ਹੈ। ਤੁਸੀਂ ਹੁਕਮ-ਅਦੂਲੀ ਕੀਤੀ ਹੈ। ਜ਼ਰਾ ਸਿਰ ਝੁਕਾ ਦਿਓ, ਨਹੀਂ ਤਾਂ ਇਹ ਲੋਹਾ-ਲਾਖਾ ਹੋ ਜਾਵੇਗਾ। ਫੇਰ ਤੁਹਾਡੀ ਜਾਨ ਦੀ ਖ਼ੈਰ ਨਹੀਂ।

ਪਹਿਲੀ ਅਵਾਜ਼ : ਅਲਾਹੀ ਸ਼ਕਤੀ ਤੋਂ ਬਿਨਾਂ ਇਹ ਬੱਚੇ ਕਿਸੇ ਤੋਂ ਨਹੀਂ ਡਰਦੇ।

ਵਜ਼ੀਰ ਖ਼ਾਂ : ਜਾਨੀ ਖ਼ਾਂ, ਮੇਰੇ ਪਾਸ ਆਓ।

ਦੂਜੀ ਅਵਾਜ਼ : ਦਸੋ ਹਜ਼ੂਰ।

ਵਜ਼ੀਰ ਖ਼ਾਂ : ਇਨ੍ਹਾਂ ਦੀ ਦਲੇਰੀ ਔਰ ਸ਼ਕਲ-ਸੂਰਤ ਤੋਂ ਮੈਂ ਦਿਲੋਂ ਖ਼ੁਸ਼ ਹਾਂ। ਇਨ੍ਹਾਂ ਨੂੰ ਡਰਾ ਧਮਕਾ ਕੇ ਦੀਨ-ਇਸਲਾਮ ਵਿਚ ਦਾਖ਼ਲ ਕਰੋ।

ਦੂਜੀ ਅਵਾਜ਼ : ਬਰਖ਼ੁਰਦਾਰੋ, ਤੁਹਾਡਾ ਹੁਣ ਕੋਈ ਵਾਲੀ-ਵਾਰਸ ਨਹੀਂ ਰਿਹਾ। ਤੁਹਾਡੇ ਵਾਲਦ ਤੇ ਭਰਾ ਚਮਕੌਰ ਦੀ ਜੰਗ ਵਿਚ ਮਰ ਚੁਕੇ ਨੇ। ਤੁਹਾਡੀ ਉਮਰ ਅਜੇ ਖਾਣ ਹੰਢਾਣ ਦੀ ਹੈ। ਤੁਹਾਡੇ ਲਈ ਜੰਨਤ ਦੇ ਦਰਵਾਜ਼ੇ ਖੁਲ੍ਹੇ ਨੇ, ਉਥੇ ਹੂਰਾਂ ਤੁਹਾਡਾ ਇੰਤਜ਼ਾਰ ਕਰ ਰਹੀਆਂ ਨੇ।

ਪਹਿਲੀ ਅਵਾਜ਼ : ਇਹ ਤੁਹਾਡੀਆਂ ਸਭ ਚਾਲਾਂ ਨੂੰ ਸਮਝਦੇ ਨੇ !

ਵਜ਼ੀਰ ਖ਼ਾਂ : ਕਿਆ ਕਹਿੰਦੇ ਹੈਨ ?

ਦੂਜੀ ਅਵਾਜ਼ : ਜਨਾਬ, ਇਹ ਬੜੇ ਜ਼ਿੱਦੀ ਨੇ ।

ਵਜ਼ੀਰ ਖ਼ਾਂ : ਲੈ ਜਾਓ, ਜੇ ਨਹੀਂ ਮੰਨਦੇ ਤਾਂ । ਸਾਰੀ ਰਾਤ ਠੰਢੇ ਬੁਰਜ ਵਿਚ ਜਾਗਦੇ ਰਖੋ । ਖਾਣਾ ਪੀਣਾ ਇਨ੍ਹਾਂ ਦਾ ਬੰਦ ਕਰੋ । ਮੇਰਾ ਹੁਕਮ ਹੈ, ਕਲ੍ਹ ਨੂੰ ਇਨ੍ਹਾਂ ਨੂੰ ਜੀਂਦੇ ਕੰਧਾਂ ਵਿਚ ਚਿਣਾ ਦਿੱਤਾ ਜਾਵੇ ।

ਦੂਜੀ ਅਵਾਜ਼ : ਸਰਕਾਰ, ਹੁਕਮ ਤੇ ਪੂਰਾ ਪੂਰਾ ਅਮਲ ਕੀਤਾ ਜਾਵੇਗਾ । ਰਾਤ ਭਰ ਹਰ ਤਰ੍ਹਾਂ ਦੇ ਤਸੀਹੇ ਦਿਤੇ ਜਾਣਗੇ ।

ਵਜ਼ੀਰ ਖ਼ਾਂ : ਮੈਂ ਕਚਹਿਰੀ ਬਰਖ਼ਾਸਤ ਕਰਦਾ ਹਾਂ । ਬੜਾ ਬੇ-ਆਰਾਮ ਕੀਤਾ ਹੈ ਇਨ੍ਹਾਂ ਕਾਫ਼ਰ ਬੱਚਿਆਂ ਨੇ ।

[ਪਲੰਘ ਉੱਤੇ ਹੀ ਪਾਸਾ ਪਰਤਦਾ ਹੈ । ਚਿਹਰੇ ਤੇ ਫ਼ਿਕਰ ਅਤੇ ਚਿੰਤਾ ਦੇ ਨਿਸ਼ਾਨ ਦਿਖਾਈ ਦਿੰਦੇ ਹਨ ।]

ਬੇਗਮ ਦੀ ਅਵਾਜ਼ : (ਜ਼ਨਾਨਾ ਲਹਿਜੇ ਵਿਚ) ਨਵਾਬ ਸਾਹਿਬ, ਅਜ ਤੁਸੀਂ ਬਹੁਤ ਗ਼ਮਗੀਨ ਦਿਖਾਈ ਦਿੰਦੇ ਹੋ । ਕਿਆ ਬਾਤ ਹੈ ਮੇਰੇ ਆਕਾ ?

ਵਜ਼ੀਰ ਖ਼ਾਂ : ਮੇਰੀ ਜਾਨ, ਅਜੀਬ ਮਾਮਲਾ ਹੈ । ਦੁਸ਼ਮਨ ਦੇ ਬੱਚੇ ਹੱਥ ਤਾਂ ਲਗੇ, ਪਰ ਉਹ ਸਾਡੇ ਮਜ਼ਹਬ ਵਿਚ ਆਉਣ ਨੂੰ ਤਿਆਰ ਨਹੀਂ ਹੁੰਦੇ ।

ਬੇਗਮ : ਦੇਖੋ ਨਵਾਬ ਸਾਹਿਬ, ਮੈਂ ਇਕ ਉੜਦੀ ਉੜਦੀ ਖ਼ਬਰ ਸੁਣੀ ਹੈ ।

ਵਜ਼ੀਰ ਖ਼ਾਂ : ਆਓ ਮੇਰੇ ਪਾਸ ਬੈਠ ਕੇ ਫ਼ੁਰਮਾਓ ।

ਪਹਿਲੀ ਅਵਾਜ਼ : ਪਹਿਲਾਂ ਮੇਰੀ ਬਾਤ ਸੁਣੋ । ਨਵਾਬ ਸਾਹਿਬ, ਸੱਚੇ ਬੱਚੇ ਸਭ ਦੇ ਸਾਂਝੇ ਹੁੰਦੇ ਨੇ । ਉਨ੍ਹਾਂ ਮਾਸੂਮਾਂ ਨੂੰ ਕਿਸੇ ਤਰ੍ਹਾਂ ਦੇ ਤਸੀਹੇ ਮਤ ਦੇਣੇ । ਓਹਨਾਂ ਨੂੰ ਘਰ ਲੈ ਆਉਣਾ ਸੀ । ਕਿਥੇ ਰੱਖੇ ਹੋਏ ਨੇ ?

ਵਜ਼ੀਰ ਖ਼ਾਂ : ਬੁਰਜ ਵਿਚ

ਬੇਗਮ : (ਚੀਕ ਮਾਰ ਕੇ) ਠੰਢੇ ਬੁਰਜ ਵਿਚ ! ਐਹੋ ਜਹੀ ਕੱਕਰੀ ਰਾਤ ਵਿਚ ! ਤੁਸੀਂ ਐਨੇ ਜ਼ਾਲਮ ਹੋ ਗਏ ਹੋ ? ਤੁਹਾਡੇ ਵਿਚੋਂ ਇਨਸਾਨੀਅਤ ਖ਼ਤਮ ਹੋ ਗਈ ਏ ? ਮੈਨੂੰ ਆਪ ਤੋਂ ਡਰ ਲਗਣ ਲਗ ਪਿਆ ਹੈ ।

ਵਜ਼ੀਰ ਖ਼ਾਂ : ਉਥੇ ਉਨ੍ਹਾਂ ਦੀ ਦਾਦੀ ਵੀ ਹੈ ।

ਬੇਗਮ : ਬਜ਼ੁਰਗ ਔਰਤ, ਇਹ ਹੋਰ ਵੀ ਬੁਰੀ ਬਾਤ ਹੈ । ਨਵਾਬ ਸਾਹਿਬ, ਤੁਹਾਡਾ ਦਿਲ ਪੱਥਰ ਦਾ ਬਣ ਗਿਆ ਹੈ । ਮੈਨੂੰ ਡਰ ਲੱਗ ਰਿਹਾ ਹੈ,

ਕਲ ਨੂੰ ਤੁਸੀਂ ਉਨ੍ਹਾਂ ਨਾਲ ਕੋਈ ਅਣਹੋਣੀ ਨਾ...

[ਰੋਣ ਲਗ ਜਾਂਦੀ ਹੈ।]

ਵਜ਼ੀਰ ਖ਼ਾਂ : ਮੇਰੀ ਜਾਨ, ਸੁਣ ! ਮੈਂ ਉਨ੍ਹਾਂ ਨੂੰ ਹੋਰ ਦੁਖ ਨਹੀਂ ਦਿਆਂਗਾ।

ਬੇਗਮ : ਵਹਿਦਾ ਕਰੋ, ਕਲ ਸਵੇਰੇ ਉਨ੍ਹਾਂ ਨੂੰ ਇੱਜ਼ਤ ਨਾਲ ਰਹਾ ਕਰ ਦਿਓਗੇ।

ਵਜ਼ੀਰ ਖ਼ਾਂ : ਬੇਗ਼ਮ, ਤੂੰ ਬਹੁਤ ਰਹਿਮ-ਦਿਲ ਹੈਂ। ਬਿਲਕੁਲ ਸੱਚ ਹੈ, ਹਰ ਮਾਂ ਦੁਨੀਆ ਭਰ ਦੇ ਬੱਚਿਆਂ ਦਾ ਭਲਾ ਲੋਚਦੀ ਹੈ।

ਬੇਗਮ : ਉਨ੍ਹਾਂ ਨੂੰ ਰਹਾ ਕਰਨ ਦਾ ਪੱਕਾ ਵਾਹਦਾ ਕਰੋ, ਨਹੀਂ ਤਾਂ ਮੈਂ ਤੁਹਾਡੇ ਨਾਲ ਕਦੀ ਨਹੀਂ ਬੋਲਾਂਗੀ।

ਵਜ਼ੀਰ ਖ਼ਾਂ : ਐਧਰ ਆਓ ਬੇਗਮ, ਮੈਂ ਤੇਰੇ ਬਿਨ ਇਕ ਪਲ ਨਹੀਂ ਜੀ ਸਕਦਾ।

ਬੇਗਮ : ਝੂਠੇ, ਤੁਸੀਂ ਸਭ ਬੇਗਮਾਂ ਨੂੰ ਇਸੇ ਤਰ੍ਹਾਂ ਲਾਰੇ ਲਾਂਦੇ ਹੋ। ਮੈਂ ਤੁਹਾਡੇ ਬੱਚੇ ਛੱਡ ਕੇ ਚਲੀ ਜਾਵਾਂਗੀ।

ਵਜ਼ੀਰ ਖ਼ਾਂ : ਓਹੋ, ਐਨਾ ਗੁੱਸਾ ! ਬੇਗਮ, ਗੁੱਸੇ ਵਿਚ ਤੂੰ ਸਗੋਂ ਜ਼ਿਆਦਾ ਖ਼ੂਬਸੂਰਤ ਲਗਦੀ ਹੈਂ। ਜ਼ਰਾ ਮੇਰੇ ਪਾਸ ਤੋਂ ਆ ! ਮੈਂ ਬਹੁਤ ਪਰੇਸ਼ਾਨ ਹਾਂ।

ਬੇਗਮ : ਹਰਗਿਜ਼ ਨਹੀਂ। ਤੁਸੀਂ ਛੇਤੀ ਕਚਹਿਰੀ ਜਾਓ। ਪਤਾ ਨਹੀਂ ਰਾਤ ਉਨ੍ਹਾਂ ਦਾ ਸਰਦੀ ਨਾਲ ਕੀ ਹਾਲ ਹੋਇਆ ਹੋਵੇਗਾ।

ਵਜ਼ੀਰ ਖ਼ਾਂ : ਅੱਛਾ ਬਈ ਖ਼ਫ਼ਾ ਨਾ ਹੋ, ਮੈਂ ਜਾਂਦਾ ਹਾਂ।

ਬੇਗਮ : ਜੇ ਠੀਕ ਫ਼ੈਸਲਾ ਨਾ ਕਰ ਕੇ ਆਏ ਤਾਂ ਮੈਂ ਤੁਹਾਡੇ ਬੱਚਿਆਂ ਨੂੰ ਛੱਡ ਕੇ ਦਿੱਲੀ ਚਲੀ ਜਾਵਾਂਗੀ। ਤੁਹਾਡੇ ਕਦੇ ਮੱਥੇ ਨਹੀਂ ਲੱਗਾਂਗੀ।

ਵਜ਼ੀਰ ਖ਼ਾਂ : (ਉੱਚੀ) ਬੇਗਮ, ਇਹ ਕੰਮ ਨਾ ਕਰਨਾ। ਮੈਂ ਹੁਣੇ ਕਚਹਿਰੀ ਜਾਂਦਾ ਹਾਂ।

ਬੇਗਮ : (ਉੱਚੀ) ਛੇਤੀ ਜਾਓ, ਨਹੀਂ ਤਾਂ ਯਾਦ ਰਖਣਾ ਮੈਂ......

[ਵਜ਼ੀਰ ਖ਼ਾਂ ਪਹਿਲਾਂ ਵਾਂਗ ਧੌਣ ਉੱਚੀ ਕਰ ਕੇ ਬੈਠ ਜਾਂਦਾ ਹੈ।]

ਵਜ਼ੀਰ ਖ਼ਾਂ : ਜਾਨੀ ਖ਼ਾਂ ਵਾਲੀਏ ਮੁਰਿੰਡਾ ਨੂੰ ਜਲਦੀ ਪੇਸ਼ ਕਰੋ।

ਦੂਜੀ ਅਵਾਜ਼ : ਜਾਨੀ ਖ਼ਾਂ ਹਾਜ਼ਿਰ ਹੈ, ਸਰਕਾਰ !

ਵਜ਼ੀਰ ਖ਼ਾਂ : ਜਾਨੀ ਖ਼ਾਂ, ਬੱਚਿਆਂ ਦੇ ਰਵੱਈਏ ਵਿਚ ਕੋਈ ਫ਼ਰਕ ਪਿਆ ?

ਦੂਜੀ ਅਵਾਜ਼ : ਬਿਲਕੁਲ ਨਹੀਂ, ਨਵਾਬ ਸਾਹਿਬ।

ਵਜ਼ੀਰ ਖ਼ਾਂ : ਲਿਹਾਜ਼ ਤਾਂ ਨਹੀਂ ਕੀਤਾ ?

ਦੂਜੀ ਅਵਾਜ਼ : ਸਰਕਾਰ, ਬੜਾ ਡਰਾਇਆ ਧਮਕਾਇਆ। ਕੰਧ ਵਿਚ ਚਿਣ ਕੇ ਪੂਰਾ ਡਰ ਦੇ ਚੁੱਕੇ ਹਾਂ।

ਵਜ਼ੀਰ ਖ਼ਾਂ : ਇਨ੍ਹਾਂ ਦੀ ਭੋਲੀ-ਭਾਲੀ ਸੂਰਤ ਵੇਖ ਕੇ ਮੈਨੂੰ ਜਾਨ-ਬਖਸ਼ੀ ਦਾ, ਖ਼ਿਆਲ ਆਇਆ ਸੀ।

ਦੂਜੀ ਅਵਾਜ਼ : ਪਰ ਉਹ ਤਾਂ ਆਪਣੀ ਜ਼ਿਦ ਤੇ ਉਸੇ ਤਰ੍ਹਾਂ ਅੜੇ ਹੋਏ ਨੇ।

ਵਜ਼ੀਰ ਖ਼ਾਂ : ਇਨ੍ਹਾਂ ਨੂੰ ਸਬਜ਼ ਬਾਗ਼ ਨਹੀਂ ਸੀ ਦਿਖਾਏ ?

ਦੂਜੀ ਅਵਾਜ਼ : ਜਨਾਬ, ਸਭ ਵਾਹ ਲਾ ਥੱਕੇ ਹਾਂ, ਇਨ੍ਹਾਂ ਦੀ ਦਾਦੀ ਨੇ ਸਗੋਂ ਹੋਰ ਪੱਕਿਆਂ ਕਰ ਦਿੱਤਾ ਹੈ। ਵਾਪਸ ਨਹੀਂ ਸਨ ਭੇਜਣੇ ਚਾਹੀਦੇ। ਖ਼ਬਰੇ ਦਾਦੀ ਰਾਤ ਭਰ ਕਿਆ ਕਿਆ ਸਿਖਾਂਦੀ ਰਹੀ ਹੈ। ਇਹ ਆਪਣੇ ਇਰਾਦੇ ਤੋਂ ਬਦਲਦੇ ਦਿਖਾਈ ਨਹੀਂ ਦਿੰਦੇ, ਤੁਸੀਂ ਹੁਕਮ ਸੁਣਾਓ।

ਵਜ਼ੀਰ ਖ਼ਾਂ : ਠਹਿਰੋ, ਮੈਨੂੰ ਅਹਿਲਕਾਰਾਂ ਨਾਲ ਮਸ਼ਵਰਾ ਕਰ ਲੈਣ ਦਿਓ। ਦੀਵਾਨ ਸੁੱਚਾ ਨੰਦ, ਤੇਰਾ ਕਿਆ ਖਿਆਲ ਹੈ ?

ਦੂਜੀ ਅਵਾਜ਼ : ਜਹਾਂ ਪਨਾਹ, ਸੱਪਾਂ ਦੇ ਬੱਚੇ ਪਾਲਣ ਦੀ ਮੈਂ ਤੁਹਾਨੂੰ ਸਲਾਹ ਨਹੀਂ ਦੇ ਸਕਦਾ। ਦੁਸ਼ਮਨ ਦੇ ਬੱਚੇ ਵੱਡੇ ਹੋ ਕੇ ਦੁਸ਼ਮਨ ਹੀ ਬਣਦੇ ਨੇ।

ਵਜ਼ੀਰ ਖ਼ਾਂ : ਦਰੁੱਸਤ ਹੈ!

ਦੂਜੀ ਅਵਾਜ਼ : ਇਨ੍ਹਾਂ ਦੇ ਪਿਉ ਨੇ ਬਾਈ ਧਾਰ ਦੇ ਹਿੰਦੂ ਰਾਜਿਆਂ ਦਾ ਲਿਹਾਜ਼ ਨਹੀਂ ਸੀ ਕੀਤਾ, ਇਹ ਵੱਡੇ ਹੋ ਕੇ ਮੁਗ਼ਲ ਸਲਤਨਤ ਦੇ ਖ਼ੈਰ-ਖਵਾਹ ਕਿਸ ਤਰ੍ਹਾਂ ਬਣ ਸਕਦੇ ਨੇ ?

ਵਜ਼ੀਰ ਖ਼ਾਂ : ਮੈਂ ਇਨ੍ਹਾਂ ਨੂੰ ਬਹੁਤ ਸੌਖਾ ਰਾਹ ਦਸਿਆ ਸੀ।

ਦੂਜੀ ਅਵਾਜ਼ : ਇਹ ਦੀਨ-ਇਸਲਾਮ ਕਬੂਲਣ ਲਈ ਹਰਗਿਜ਼ ਤਿਆਰ ਨਹੀਂ।

ਵਜ਼ੀਰ ਖ਼ਾਂ : ਮੀਆਂ ਨੂਰ ਦੀਨ, ਤੁਹਾਡਾ ਕਿਆ ਖ਼ਿਆਲ ਹੈ ?

ਦੂਜੀ ਅਵਾਜ਼ : ਇਨ੍ਹਾਂ ਦੀ ਪਹਿਲੀ ਗ਼ਲਤੀ ਇਹ ਹੈ ਕਿ ਇਹ ਦੁਸ਼ਮਨ ਦੇ ਬੱਚੇ ਨੇ।

[ਲੋਕਾਂ ਵਿਚ ਹਾਸਾ]

ਵਜ਼ੀਰ ਖ਼ਾਂ : (ਕੜਕ ਕੇ) ਚੁੱਪ ਰਹੋ!

ਦੂਜੀ ਅਵਾਜ਼ : ਮੌਤ ਦੇ ਮੂੰਹ ਵਿਚ ਜਾਣ ਲਈ ਇਹ ਖ਼ੁਦ ਜ਼ੁੰਮੇਵਾਰ ਨੇ। ਤੁਸੀਂ

ਪੂਰੇ ਦੋ ਦਿਨ ਇਨ੍ਹਾਂ ਲਈ ਬਹਿਸ਼ਤ ਦਾ ਦਰਵਾਜ਼ਾ ਖੁਲ੍ਹਾ ਰਖਿਆ ਹੈ। ਇਹ ਜਹੰਨਮ ਦੇ ਹੱਕਦਾਰ ਨੇ।

ਵਜ਼ੀਰ ਖ਼ਾਂ : ਦੀਵਾਨ ਸੁੱਚਾ ਨੰਦ ਦੀ ਵੀ ਇਹੋ ਰਾਏ ਹੈ।

ਦੂਜੀ ਅਵਾਜ਼ : ਸੌ ਸਿਆਣਿਆਂ ਦੀ ਇਕੋ ਮਤ ਹੁੰਦੀ ਹੈ।

[ਲੋਕਾਂ ਵਿਚ ਉੱਚੀ ਹਾਸਾ]

ਵਜ਼ੀਰ ਖ਼ਾਂ : (ਘੂਰ ਕੇ) ਮੂੰਹ ਬੰਦ ਰਖੋ। ਤੁਹਾਡੀ ਇਹ ਹਿੰਮਤ !

ਦੂਜੀ ਅਵਾਜ਼ : ਜਹਾਂ ਪਨਾਹ ! ਬਘਿਆੜ ਦੇ ਬੱਚੇ ਵੱਡੇ ਹੋ ਕੇ ਬਘਿਆੜ ਹੀ ਬਣਦੇ ਨੇ।

ਵਜ਼ੀਰ ਖ਼ਾਂ : ਬਿਲਕੁਲ ਠੀਕ ਹੈ। ਹੱਥ ਲੱਗਾ ਸ਼ਿਕਾਰ ਕਦੇ ਨਹੀਂ ਛੱਡਾਂਗਾ। ਸਾਲ ਭਰ ਤੋਂ ਮੈਂ ਇਸੇ ਤਾਕ ਵਿਚ ਭਟਕਦਾ ਰਿਹਾ ਹਾਂ।

ਦੂਜੀ ਅਵਾਜ਼ : ਸਿਆਣਿਆਂ ਦਾ ਕੌਲ ਹੈ, ਉਠਦੇ ਰੋਗ ਨੂੰ ਹੀ ਦਬਾਉਣਾ ਚਾਹੀਦਾ ਹੈ।

ਵਜ਼ੀਰ ਖ਼ਾਂ : ਮੈਨੂੰ ਇਨ੍ਹਾਂ ਦੀਆਂ ਨਨ੍ਹੀਆਂ ਜਾਨਾਂ ਤੇ ਰਹਿਮ ਆ ਗਿਆ ਸੀ।

ਦੂਜੀ ਅਵਾਜ਼ : ਦੁਸ਼ਮਨ ਦੇ ਬੱਚਿਆਂ ਤੇ ਰਹਿਮ ! ਨਵਾਬ ਸਾਹਿਬ, ਕਿਆ ਫ਼ਰਮਾ ਰਹੇ ਹੈਂ ?

ਵਜ਼ੀਰ ਖ਼ਾਂ : ਬੇਗਮ ਸਾਹਿਬਾ ਨੇ ਮੈਨੂੰ ਮਜਬੂਰ ਕੀਤਾ ਸੀ—

ਦੂਜੀ ਅਵਾਜ਼ : ਔਰਤਾਂ ਨਰਮ-ਦਿਲ ਹੁੰਦੀਆਂ ਨੇ। ਪਰ ਹੁਕਮਰਾਨ ਲਈ ਰਹਿਮ ਕੋਈ ਮਹਿਨੇ ਨਹੀਂ ਰੱਖਦਾ। ਬੁਰਾਈ ਨੂੰ ਜੜ੍ਹੋਂ ਪੁੱਟਣਾ ਹੀ ਅਕਲਮੰਦੀ ਹੈ।

ਵਜ਼ੀਰ ਖ਼ਾਂ : ਇਨ੍ਹਾਂ ਕਾਫ਼ਰਾਂ ਦਾ ਨਾਮੋ-ਨਿਸ਼ਾਨ ਮਿਟਾਣਾ ਮੇਰੀ ਜ਼ਿੰਦਗੀ ਦਾ ਮਕਸਦ ਹੈ।

ਦੂਜੀ ਅਵਾਜ਼ : ਕਿਉਂਕਿ ਇਨ੍ਹਾਂ ਦੇ ਬਾਪ ਨੇ ਮੁਗ਼ਲ ਸਲਤਨਤ ਦੇ ਬਰਖ਼ਿਲਾਫ਼ ਬਗ਼ਾਵਤ ਦਾ ਝੰਡਾ ਬੁਲੰਦ ਕੀਤਾ ਸੀ। ਲੋਕਾਂ ਨੂੰ ਸ਼ਹਿਨਸ਼ਾਹ ਦੇ ਉਲਟ ਭੜਕਾਇਆ ਹੈ। ਕੰਮੀ-ਕਮੀਨਾਂ ਨੂੰ ਝੂਠੇ ਲਾਰੇ ਦੇ ਕੇ ਭਰਮਾਇਆ ਹੈ। ਕਿਰਤੀ-ਕਿਸਾਨਾਂ ਨੂੰ ਗੁਮਰਾਹ ਕੀਤਾ ਹੈ।

ਵਜ਼ੀਰ ਖ਼ਾਂ : (ਕਚੀਚੀ ਵਟ ਕੇ) ਮੈਂ ਉਸ ਬਗ਼ਾਵਤ ਨੂੰ ਸਖ਼ਤੀ ਨਾਲ ਦਬਾ ਰਹਿਆ ਹਾਂ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਤੂੰ ਠੀਕ ਆਪਣਾ ਫ਼ਰਜ਼ ਨਿਭਾ ਰਹਿਆ ਹੈਂ। ਦੱਖਣ ਵਿਚ ਬਾਦਸ਼ਾਹ ਸਲਾਮਤ ਕਾਫ਼ਰਾਂ ਦਾ ਸਿਰ ਫੇਹ ਰਹੇ ਨੇ।

ਵਜ਼ੀਰ ਖ਼ਾਂ : (ਉੱਚੀ ਹਾਸਾ) ਔਰ ਇਕ ਇਕ ਕਰ ਕੇ ਕੁਫ਼ਰ ਦੇ ਗੜ੍ਹ ਤੋੜ

ਰਹੇ ਨੇ ।

ਦੂਜੀ ਅਵਾਜ਼: ਔਰ ਸਰਹੰਦ ਵਿਚ ਮੁਗ਼ਲ ਹਕੂਮਤ ਦਾ ਬਹਾਦਰ ਫ਼ੌਜਦਾਰ ਬੈਠਾ ਹੈ ।

ਵਜ਼ੀਰ ਖ਼ਾਂ : ਹਿੰਦੁਸਤਾਨ ਦੀ ਮਗ਼ਰਬੀ ਸਰਹੱਦ ਦੀ ਹਿਫ਼ਾਜਤ ਮੇਰੇ ਜ਼ਿੰਮੇ ਹੈ ।

ਦੂਜੀ ਅਵਾਜ਼: ਵਜ਼ੀਰ ਖ਼ਾਂ ! ਢਿਲ ਨਾ ਕਰੋ । ਇਨ੍ਹਾਂ ਨੂੰ ਹੋਰ ਤਿੱਖੇ ਨਾ ਹੋਣ ਦਿਓ ।

ਪਹਿਲੀ ਅਵਾਜ਼: ਵਜ਼ੀਰ ਖ਼ਾਂ, ਤੂੰ ਅੱਗ ਨਾਲ ਖੇਡ ਰਿਹਾ ਹੈਂ ।

ਦੂਜੀ ਅਵਾਜ਼: ਵਜ਼ੀਰ ਖ਼ਾਂ, ਚੰਗਿਆੜੇ ਨੂੰ ਭਾਂਬੜ ਬਣਨ ਤੋਂ ਪਹਿਲਾਂ ਬੁਝਾਉਣਾ ਜ਼ਰੂਰੀ ਹੈ ।

ਵਜ਼ੀਰ ਖ਼ਾਂ : ਬਾਗ਼ੀ ਗ਼ੱਦਾਰਾਂ ਉਤੇ ਕੋਈ ਰਹਿਮ ਨਹੀਂ ਹੋ ਸਕਦਾ ।

ਦੂਜੀ ਅਵਾਜ਼: ਇਨ੍ਹਾਂ ਬੱਚਿਆਂ ਦਾ ਜ਼ਿੰਦਾ ਰਹਿਣਾ ਮੁਗ਼ਲ ਸਲਤਨਤ ਲਈ ਨਿਹਾਇਤ ਖ਼ਤਰਨਾਕ ਹੈ । ਜ਼ਿੰਦਾ ਨੀਂਹਾਂ ਵਿਚ ਚਿਣੇ ਜਾਣ ਦਾ ਡਰ ਇਨ੍ਹਾਂ ਨਹੀਂ ਮੰਨਿਆਂ । ਕਤਲ ਦਾ ਛੇਤੀ ਹੁਕਮ ਦਿਓ ।

ਪਹਿਲੀ ਅਵਾਜ਼: (ਕੜਕ ਕੇ) ਵਜ਼ੀਰ ਖ਼ਾਂ, ਹੁਕਮ ਦੇਣ ਤੋਂ ਪਹਿਲਾਂ ਲੋਕਾਂ ਦੀ ਅਵਾਜ਼ ਸੁਣ । ਜਨਤਾ ਦੀ ਅਵਾਜ਼ ਹੱਕ ਦਾ ਨਾਹਰਾ ਹੁੰਦੀ ਹੈ । ਖ਼ਲਕਤ ਦੀ ਅਵਾਜ਼ ਵਿਚੋਂ ਰੱਬੀ ਫ਼ਰਮਾਨ ਸੁਣ ।

ਵਜ਼ੀਰ ਖ਼ਾਂ : (ਲੋਕਾਂ ਨੂੰ ਸੰਬੋਧਨ ਕਰ ਕੇ) ਬੋਲੋ ਕਿਆ ਕਹਿਣਾ ਚਾਹੁੰਦੇ ਹੋ । (ਕੜਕ ਕੇ) ਚੁਪ ਕਿਉਂ ਹੋ ? ਬੋਲੋ ! ਬੋਲੋ !!

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਲੋਕਾਂ ਦੀ ਰੋਹ ਭਰੀ ਚੁੱਪ ਖ਼ਤਰਨਾਕ ਹੁੰਦੀ ਹੈ । ਲਾਵਾ ਕਿਸੇ ਵੇਲੇ ਵੀ ਫਟ ਸਕਦਾ ਹੈ ।

ਵਜ਼ੀਰ ਖ਼ਾਂ : ਆਵਾਮ ਦੀ ਗ਼ੈਰ-ਮਾਮੂਲੀ ਚੁੱਪ ਤੋਂ ਮੈਨੂੰ ਖ਼ੁਦ ਡਰ ਲੱਗ ਰਿਹਾ ਹੈ ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਇਨ੍ਹਾਂ ਦੀ ਚੁੱਪ ਤੇਰੀ ਹਾਂ ਵਿਚ ਹਾਂ ਹੈ ।

ਵਜ਼ੀਰ ਖ਼ਾਂ : ਮੇਰੇ ਸਾਮ੍ਹਣੇ ਇਹਨਾਂ ਦੀ ਕਿਆ ਹਸਤੀ ਹੈ ।

ਪਹਿਲੀ ਅਵਾਜ : ਵਜ਼ੀਰ ਖ਼ਾਂ, ਮੈਂ ਇਨ੍ਹਾਂ ਦੀ ਅਵਾਜ਼ ਤੇਰੇ ਕੰਨਾਂ ਤੱਕ ਪੁਚਾਣੀ ਚਾਹੁੰਦਾ ਹਾਂ ।

ਵਜ਼ੀਰ ਖ਼ਾਂ : ਗੁਸਤਾਖ਼, ਤੂੰ ਕੌਣ ਹੈਂ ?

ਪਹਿਲੀ ਅਵਾਜ਼ : ਤੇਰਾ ਭਰਾ, ਸ਼ੇਰ ਮੁਹੰਮਦ ਖ਼ਾਂ, ਨਵਾਬ ਮਲੇਰ ਕੋਟਲਾ ।

ਵਜ਼ੀਰ ਖ਼ਾਂ : ਸ਼ੇਰ ਮੁਹੰਮਦ ਖ਼ਾਂ, ਬੋਲ ਤੂੰ ਕਿਆ ਕਹਿਣਾ ਚਾਹੁੰਦਾ ਹੈਂ ?

ਪਹਿਲੀ ਅਵਾਜ਼ : ਭਾਈ ਜਾਨ, ਆਪ ਨੂੰ ਮੇਰੀ ਰਾਏ ਜ਼ਰੂਰ ਬੁਰੀ ਲਗੇਗੀ, ਪਰ ਮੈਂ ਵਕਤ ਸਿਰ ਤੈਨੂੰ ਆਗਾਹ ਕਰਨਾ ਆਪਣਾ ਫ਼ਰਜ਼ ਸਮਝਦਾ ਹਾਂ :

ਵਜ਼ੀਰ ਖ਼ਾਂ : ਤੂੰ ਮੁਗ਼ਲ ਸਲਤਨਤ ਦਾ ਖ਼ੈਰ-ਖ਼ਵਾਹ ਤੇ ਮੁਆਜ਼ਦਾ ਅਹਿਲਕਾਰ ਹੈਂ, ਬੋਲ ਕਿਆ ਕਹਿਣਾ ਚਾਹੁੰਦਾ ਹੈਂ ?

ਪਹਿਲੀ ਅਵਾਜ਼ : ਵਜ਼ੀਰ ਖਾਂ, ਤੂੰ ਇਨਸਾਫ਼ ਦੀ ਕੁਰਸੀ ਤੇ ਬੈਠਾ ਹੈਂ। ਰੱਬ ਨੂੰ ਹਾਜ਼ਰ ਨਾਜ਼ਰ ਸਮਝ। ਬੱਚਿਆਂ ਤੇ ਔਰਤਾਂ ਉੱਤੇ ਹੱਥ ਚੁਕਣਾ ਤੈਨੂੰ ਨਹੀਂ ਸੋਭਦਾ। ਬਿਰਧ ਮਾਤਾ ਦੀ ਅਜ਼ਮਤ ਕਰਨਾ ਤੇਰਾ ਫ਼ਰਜ਼ ਬਣਦਾ ਹੈ।

ਦੂਜੀ ਅਵਾਜ਼ : ਵਜ਼ੀਰ ਖ਼ਾਂ ਆਪਣੇ ਫ਼ਰਜ਼ ਨੂੰ ਅੱਛੀ ਤਰ੍ਹਾਂ ਪਛਾਣਦਾ ਹੈ।

ਵਜ਼ੀਰ ਖਾਂ : ਸ਼ੇਰ ਮੁਹੰਮਦ, ਛੇਤੀ ਬੋਲ, ਕਿਆ ਕਹਿਣਾ ਚਾਹੁੰਦਾ ਹੈਂ ?

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਰੱਬ ਰਸੂਲ ਤੋਂ ਡਰ। ਸ਼ਰ੍ਹਾ ਬੇਗੁਨਾਹ ਬੱਚਿਆਂ ਨੂੰ ਕਤਲ ਕਰਨ ਦੀ ਇਜਾਜ਼ਤ ਨਹੀਂ ਦਿੰਦੀ। ਇਨ੍ਹਾਂ ਮਾਸੂਮ ਬੱਚਿਆਂ ਨੂੰ ਛਡ ਦੇਹ ਜਾਂ ਇਨ੍ਹਾਂ ਨੂੰ ਮੇਰੇ ਹਵਾਲੇ ਕਰ ਦੇ। ਮੈਂ ਜ਼ਾਮਨੀ ਦਿੰਦਾ ਹਾਂ।

ਬਹੁਤੀਆਂ ਅਵਾਜ਼ਾਂ : ਇਹ ਬੇਗੁਨਾਹ ਹਨ ! ਇਹ ਬੇਗੁਨਾਹ ਹਨ !

ਪਹਿਲੀ ਅਵਾਜ਼ : ਵਜ਼ੀਰ ਖਾਂ, ਲੋਕਾਂ ਦੀ ਚੁੱਪ ਦਾ ਹੁੰਗਾਰਾ ਸੁਣ।

ਵਜ਼ੀਰ ਖ਼ਾਂ : ਸ਼ੇਰ ਮੁਹੰਮਦ ਖ਼ਾਂ, ਇਹ ਤੇਰੇ ਭਰਾ ਦੇ ਕਾਤਲ ਦੇ ਬੱਚੇ ਨੇ, ਤੈਨੂੰ ਬਲਕਿ ਬਦਲਾ ਲੈਣਾ ਚਾਹੀਦਾ ਹੈ।

ਪਹਿਲੀ ਅਵਾਜ਼ : ਉਹ ਬਦਲਾ ਮੈਂ ਮਰਦਾਂ ਵਾਂਗ ਮੈਦਾਨੇ-ਜੰਗ ਵਿਚ ਲਵਾਂਗਾ। ਬੇ-ਗੁਨਾਹ ਬੱਚਿਆਂ ਨੂੰ ਕਤਲ ਕਰਨਾ ਦੀਨ ਇਸਲਾਮ ਦੀ ਤੌਹੀਨ ਹੈ।

ਦੂਜੀ ਅਵਾਜ਼ : (ਸਖਤੀ ਨਾਲ) ਇਹ ਮੋਮਨ ਦੇ ਭੇਸ ਵਿਚ ਕਾਫ਼ਰ ਦੀ ਅਵਾਜ਼ ਹੈ। ਇਹ ਸ਼ਰ੍ਹਾ ਨੂੰ ਕਿਆ ਸਮਝਦਾ ਹੈ। 'ਕਬਲ ਉਲ ਈਜ਼ਾ ਕਤਲ ਉਲ ਮੂਜ਼ੀ।'

ਵਜ਼ੀਰ ਖ਼ਾਂ : ਮਤਲਬ ?

ਪਹਿਲੀ ਅਵਾਜ਼ : (ਲਾ ਕੇ) ਮਤਲਬ ਨਹੀਂ ਸਮਝਦਾ, ਤੂੰ ਚੰਗਾ ਮੁਸਲਮਾਨ ਹੈਂ !

ਦੂਜੀ ਅਵਾਜ਼ : ਮਤਲਬ ਇਹ ਕਿ ਬੁਰੇ ਤੋਂ ਦੁਖ ਝੱਲਣ ਤੋਂ ਪਹਿਲਾਂ ਉਸ ਨੂੰ ਕਤਲ ਕਰ ਦਿਓ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਮੁਕੱਦਸ ਕਿਤਾਬ ਵਿਚ ਇਹ ਵੀ ਲਿਖਿਆ ਹੋਇਆ ਹੈ ਕਿ ਇਕ ਗੁਨਾਹਗਾਰ ਨੂੰ ਮੁਆਫ਼ ਕਰਨਾ ਭਾਰੀ ਸਵਾਬ ਹੈ।

ਵਜ਼ੀਰ ਖ਼ਾਂ : ਨੂਰ ਦੀਨ, ਸ਼ੇਰ ਮੁਹੰਮਦ ਖ਼ਾਂ ਕਿਆ ਕਹਿੰਦਾ ਹੈ।

ਦੂਜੀ ਅਵਾਜ਼ : ਸ਼ੇਰ ਮਹੰਮਦ ਖ਼ਾਂ ਬੁੱਕਲ ਦਾ ਸੱਪ ਹੈ। ਇਹ ਸੱਪਾਂ ਨੂੰ ਦੁੱਧ

ਪਲਾਉਣ ਦੀ ਮਤ ਦਿੰਦਾ ਹੈ ।

ਵਜ਼ੀਰ ਖ਼ਾਂ : ਮੈਂ ਇਸ ਦੀ ਗ਼ਲਤ ਰਾਏ ਹਰਗਿਜ਼ ਨਹੀਂ ਮੰਨਾਂਗਾ ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਵਕਤ ਬਹੁਤ ਬੇਲਿਹਾਜ਼ ਹੈ । ਹੁਕਮ ਦੇਣ ਤੋਂ ਪਹਿਲਾਂ ਚੰਗੀ ਤਰ੍ਹਾਂ ਸੋਚ, ਇਤਿਹਾਸ ਤੇਰੇ ਕੋਲੋਂ ਇਸ ਦਾ ਜਵਾਬ ਮੰਗੇਗਾ ।

ਦੂਜੀ ਅਵਾਜ਼ : ਕਾਫ਼ਰ ਦੀ ਅਵਾਜ਼ ਛੇਤੀ ਬੰਦ ਕਰੋ ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਇਹ ਤੰਗਦਿਲ ਲੋਕ ਤੈਨੂੰ ਗ਼ਲਤ ਰਾਏ ਦੇ ਰਹੇ ਨੇ । ਵਕਤ ਨੂੰ ਪਹਿਚਾਣ, ਅੰਤ ਸਮੇਂ ਇਹ ਤੇਰੇ ਮਦਦਗਾਰ ਨਹੀਂ ਹੋਣਗੇ ।

ਦੂਜੀ ਅਵਾਜ਼ : ਕਤਲ ਦਾ ਫ਼ੌਰਨ ਹੁਕਮ ਦਿਓ । ਕੁੱਫ਼ਰ ਦੀ ਅਵਾਜ਼ ਹਮੇਸ਼ਾ ਲਈ ਬੰਦ ਕਰੋ ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਅਜੇ ਵੀ ਵਕਤ ਹੈ, ਮਾਸੂਮ ਬੱਚਿਆਂ ਦੀ ਆਹ ਤੋਂ ਬਚ । ਯਾਦ ਰੱਖ, ਮੋਏ ਬਕਰੇ ਦੀ ਖੱਲ ਨਾਲ ਲੋਹਾ ਵੀ ਭਸਮ ਹੋ ਜਾਂਦਾ ਹੈ ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਦੀਨ ਦੇ ਦੁਸ਼ਮਨਾਂ ਨੂੰ ਫ਼ੌਰਨ ਕਤਲ ਦਾ ਹੁਕਮ ਦੇਹ ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਅਜੇ ਵੀ ਵਕਤ ਹੈ, ਸੱਚ ਦੀ ਅਵਾਜ਼ ਸੁਣ ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਏਸ ਕਾਫ਼ਰ ਦੀ ਗਲਤ ਰਾਏ ਵਲ ਮਤ ਧਿਆਨ ਦੇ । ਕਤਲ ਦਾ ਫ਼ੌਰਨ ਹੁਕਮ ਦੇ ।

ਵਜ਼ੀਰ ਖ਼ਾਂ : ਮੈਂ......ਮੈਂ ਇਨ੍ਹਾਂ ਨੂੰ ਕਤਲ ਦਾ ਹੁਕਮ ਦਿੰਦਾ ਹਾਂ ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਯਜ਼ੀਦ ਨਾ ਬਣ, ਹੁਸੈਨ ਦੀ ਸ਼ਹਾਦਤ ਨੂੰ ਯਾਦ ਰਖ । ਸਰਹੰਦ ਨੂੰ ਕਰਬਲਾ ਨਾ ਬਣਾ । ਤੇਰੀਆਂ ਕਰਨੀਆਂ ਲੋਕਾਂ ਨੂੰ ਭਰਨੀਆਂ ਪੈਣਗੀਆਂ । ਤੇਰੀ ਕਰਤੂਤ ਤੇਰੇ ਹਸ਼ਰ ਤਕ ਫਿਟਕਾਰੀ ਜਾਵੇਗੀ । ਅਜੇ ਵੀ ਵਕਤ ਹੈ । ਇਹ ਖ਼ਤਰਨਾਕ ਹੁਕਮ ਛੇਤੀ ਵਾਪਿਸ ਲੈ ਲੈ । ਤੇਰਾ ਕਲੰਕ ਰਹਿੰਦੀ ਦੁਨੀਆ ਤਕ ਨਹੀਂ ਧੋਤਾ ਜਾਵੇਗਾ ।

ਦੂਜੀ ਅਵਾਜ਼ : ਕਮਾਨ ਚੋਂ ਨਿਕਲਿਆ ਤੀਰ ਕਦੀ ਵਾਪਿਸ ਨਹੀਂ ਹੁੰਦਾ ।

ਵਜ਼ੀਰ ਖ਼ਾਂ : (ਆਪਣੇ ਹੱਥਾਂ ਨਾਲ ਅੱਖਾਂ ਢਕ ਕੇ) ਜੱਲਾਦੋ, ਇਨ੍ਹਾਂ ਨੂੰ ਮੇਰੀਆਂ ਅੱਖਾਂ ਤੋਂ ਦੂਰ ਲੈ ਜਾਓ ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਜ਼ੋਰ-ਜ਼ੁਲਮ ਨੇ ਤੇਰੀ ਜ਼ਮੀਰ ਮਾਰ ਦਿੱਤੀ ਹੈ । ਪਾਪ ਦੀ ਫਿਟਕਾਰ ਤੈਨੂੰ ਗ਼ਰਕ ਕਰ ਦੇਵੇਗੀ । ਜ਼ੁਲਮ ਦਾ ਅਖ਼ੀਰ

ਨਾਸ ਹੋਵੇਗਾ । ਤੇਰੀ ਸਜ਼ਾ ਸਰਹੰਦ ਦੇ ਲੋਕਾਂ ਨੂੰ ਭੁਗਤਣੀ ਪਵੇਗੀ । ਤੂ ਵਕਤ ਦੀ ਅਵਾਜ਼ ਨੂੰ ਨਹੀਂ ਪਛਾਣਿਆ । ਇਤਿਹਾਸ ਤੇਰੇ ਕੋਲੋਂ ਇਸ ਗੁਨਾਹ ਦਾ ਜਵਾਬ ਮੰਗੇਗਾ । ਇਹ ਸ਼ਹੀਦੀ, ਜੁਗ ਪਲਟਾ ਦੇਵੇਗੀ, ਮੁਗਲ ਰਾਜ ਦੀਆਂ ਜੜ੍ਹਾਂ ਹਿਲਾ ਦੇਵੇਗੀ ।

ਵਜ਼ੀਰ ਖ਼ਾਂ : ਖੜੇ ਕੀ ਦੇਖਦੇ ਓ ! ਫੌਰਨ ਲੈ ਜਾਓ ਔਰ ਕਤਲ......।

[ਵਜ਼ੀਰ ਖ਼ਾਂ ਦੋਹਾਂ ਹਥਾਂ ਨਾਲ ਆਪਣਾ ਚਿਹਰਾ ਢੱਕ ਲੈਂਦਾ ਹੈ । ਹਨੇਰੀ ਝੱਖੜ ਦੇ ਝੁਲਣ ਦੀ ਅਵਾਜ਼ । ਵਜ਼ੀਰ ਖ਼ਾਂ ਦੇ ਚਿਹਰੇ ਉਤੇ ਡਰ, ਘਬਰਾਹਟ ਅਤੇ ਪਛਤਾਵੇਂ ਦੇ ਹਾਵ-ਭਾਵ ਪਰਗਟ ਹੁੰਦੇ ਹਨ ।

ਘੜਿਆਲ ਦੀ ਟਣ-ਟਣ ਸੁਣ ਕੇ ਵਜ਼ੀਰ ਖ਼ਾਂ ਘਬਰਾਹਟ ਤੇ ਬੇਚੈਨੀ ਨਾਲ ਪਲੰਘ ਤੋਂ ਹੇਠਾਂ ਉਤਰਦਾ ਹੈ ।]

ਵਜ਼ੀਰ ਖ਼ਾਂ : (ਇਕ ਟਕ ਦੇਖਦਾ ਹੋਇਆ) ਹੈਂ ! ਓਹ ਦੀਵਾਰ ਹਿਲ ਰਹੀ ਹੈ ! ਦੋਵੇਂ ਬੱਚੇ ਜ਼ਿੰਦਾ ਖੜੇ ਨੇ !

[ਨਸ ਕੇ ਪਲੰਘ ਤੋਂ ਖ਼ੰਜਰ ਚੁਕਦਾ ਹੈ ।]

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਹੁਣ ਹੋਣੀ ਤੋਂ ਨਾ ਘਬਰਾ । ਇਨ੍ਹਾਂ ਬਹਾਦਰ ਬੱਚਿਆਂ ਨੇ ਹਸਦਿਆਂ ਹਸਦਿਆਂ ਮੌਤ ਨੂੰ ਕਬੂਲਿਆ ਹੈ ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਦੇਖ ਬੱਚੇ ਤੇਰੀ ਘਬਰਾਹਟ ਤੇ ਮੁਸਕਰਾ ਰਹੇ ਨੇ ।

ਪਹਿਲੀ ਅਵਾਜ਼ : ਉਹ ਜਿਤ ਦੇ ਨਸ਼ੇ ਵਿਚ ਸਰਸ਼ਾਰ ਨੇ ।

ਵਜ਼ੀਰ ਖ਼ਾਂ : ਬੇਹੂਦਾ ! ਇਨ੍ਹਾਂ ਨੂੰ ਆਪਣੀ ਹਾਰ ਤੇ ਨਿੰਮੋਝੂਣਾ ਹੋਣਾ ਚਾਹੀਦਾ ਹੈ ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਇਨ੍ਹਾਂ ਦੀ ਫ਼ਤਹ ਔਰ ਤੇਰੀ ਹਾਰ ਹੋਈ ਹੈ ।

ਵਜ਼ੀਰ ਖ਼ਾਂ : ਮੇਰੀ ਸ਼ਾਨਦਾਰ ਕਾਮਯਾਬੀ । ਮੈਂ ਕੁਫ਼ਰ ਦੀ ਅਵਾਜ਼ ਹਮੇਸ਼ ਲਈ ਬੰਦ ਕਰ ਦਿੱਤੀ ਹੈ ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਤੂੰ ਗਲਤ-ਫ਼ਹਿਮੀ ਵਿਚ ਹੈਂ ! ਜ਼ਰਾ ਸੋਚ, ਜਿੱਤਦਾ ਕੋਣ ਹੈ ?

ਵਜ਼ੀਰ ਖ਼ਾਂ : ਕੌਣ ਜਿੱਤਦਾ ਹੈ ?

ਪਹਿਲੀ ਅਵਾਜ਼ : ਜੋ ਆਪਣੇ ਅਕੀਦੇ ਉਤੇ ਅਟੱਲ ਰਹਿੰਦਾ ਹੈ । ਜੋ ਸਿਰ

ਦੇ ਕੇ ਸੀ ਨਹੀਂ ਕਰਦਾ। ਜੋ ਆਪਣਾ ਖ਼ੂਨ ਦੇ ਕੇ ਲੋਕਾਂ ਨੂੰ ਨਵੀਂ ਜਾਨ ਬਖਸ਼ਦਾ ਹੈ।

ਵਜ਼ੀਰ ਖ਼ਾਂ : ਇਸ ਵਿਚ ਗ਼ਰੂਰ ਦਾ ਸਿਰ ਨੀਵਾਂ ਹੋਇਆ ਹੈ।

ਪਹਿਲੀ ਅਵਾਜ਼ : ਇਸ ਵਿਚ ਤੇਰੀ ਸਰਾਸਰ ਹਾਰ ਹੋਈ ਹੈ। ਨੇਕੀ ਦੀ ਜਿੱਤ ਤੇ ਬਦੀ ਦੀ ਹਾਰ ਹੋਈ ਹੈ। ਤੂੰ ਉਨ੍ਹਾਂ ਨੂੰ ਡਰਾਉਣ ਗਿਰਾਉਣ ਵਿਚ ਨਾਕਾਮ ਰਿਹਾ ਹੈਂ।

ਵਜ਼ੀਰ ਖ਼ਾਂ : (ਸਾਹੋ ਸਾਹ) ਕੌਣ, ਮੈਂ ?

ਦੂਜੀ ਅਵਾਜ਼ : ਵਜ਼ੀਰ ਖ਼ਾਂ ਤੂੰ ਗ਼ਾਜ਼ੀ ਹੈਂ, ਕਾਫ਼ਰਾਂ ਦੀ ਬਗਾਵਤ ਦਬੋਂ ਦਿੱਤੀ ਹੈ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਸੱਚਾਈ ਦਾ ਝੰਡਾ ਬੁਲੰਦ ਹੋਇਆ ਹੈ, ਉਨਰ ਰਹੀ ਕੌਮ ਦੀਆਂ ਨੀਂਹਾਂ ਹੋਰ ਪੱਕੀਆਂ ਹੋਈਆਂ ਨੇ। ਸ਼ਹੀਦਾਂ ਦਾ ਖ਼ੂਨ ਕਦੇ ਅਜਾਈਂ ਨਹੀਂ ਜਾਂਦਾ। ਸਾਮ੍ਹਣੇ ਦੇਖ, ਸ਼ੇਰ ਬੱਚੇ ਡਰ-ਭਉ ਤੋਂ ਅਜ਼ਾਦ ਨੇ। ਫ਼ਤਹ ਦਾ ਨਿਸ਼ਾਨ ਹਮੇਸ਼ਾ ਲਈ ਝੂਲਾਂ ਰਹੇ ਹਨ।

ਵਜ਼ੀਰ ਖ਼ਾਂ : ਇਹਨਾਂ ਨਾਲ ਓਹ ਔਰਤ ਕੌਣ ਹੇ ?

ਪਹਿਲੀ ਅਵਾਜ਼ : ਮਾਤਾ ਗੁਜਰੀ, ਬੱਚਿਆਂ ਦੀ ਦਾਦੀ। ਗੁਰੂ ਗੋਬਿੰਦ ਸਿੰਘ ਜੀ ਨੂੰ ਜਨਮ ਦੇਣ ਵਾਲੀ ਮਹਾਨ ਔਰਤ।

ਵਜ਼ੀਰ ਖ਼ਾਂ : ਕਿੱਡਾ ਨੂਰਾਨੀ ਚਿਹਰਾ ਹੈ। ਐਨ ਬੀਬੀ ਫ਼ਾਤਮਾ ਦੀ ਸ਼ਕਲ ਜੈਸਾ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਇਹਨਾਂ ਦੇ ਨੂਰਾਨੀ ਚਿਹਰਿਆਂ ਉਤੇ ਫ਼ਤਹ ਦਾ ਜ਼ਲਵਾ ਹੈ, ਕੀ ਇਸ ਭੇਦ ਨੂੰ ਜਾਣਦਾ ਹੈਂ ?

ਵਜ਼ੀਰ ਖ਼ਾਂ : ਇਸ ਦਾ ਰਾਜ਼ ਮੇਰੀ ਸਮਝ ਤੋਂ ਬਾਹਰ ਹੈ।

ਪਹਿਲੀ ਅਵਾਜ਼ : ਪਹਿਲੀ ਦਫ਼ਾ ਤੇਰੀ ਮੁਰਦਾ ਜ਼ਮੀਰ ਵਿਚ ਸੱਚ ਦੀ ਟੁਣਕਾਰ ਪੈਦਾ ਹੋਈ ਹੈ। ਕੀ ਇਸ ਦਾ ਭੇਦ ਜਾਣਨਾ ਚਾਹੁੰਦਾ ?

ਵਜ਼ੀਰ ਖ਼ਾਂ : ਸੱਚਾਈ ਨੂੰ ਕੌਣ ਨਹੀਂ ਜਾਨਣਾ ਚਾਹੁੰਦਾ ਹੈਂ ?

ਪਹਿਲੀ ਅਵਾਜ਼ : ਫੇਰ ਸੁਣ—ਇਨ੍ਹਾਂ ਬੱਚਿਆਂ ਦੀ ਫ਼ਤਹ ਪਿਛੇ ਢਾਈ ਸੌ ਸਾਲਾਂ ਦਾ ਇਤਿਹਾਸ ਹੈ। ਇਨ੍ਹਾਂ ਵਿਚ ਗੁਰੂ ਨਾਨਕ ਦੇਵ ਦੀ ਨਿਰਭੈ ਅਵਾਜ਼ ਹੈ। ਇਹਨਾਂ ਵਿਚ ਗੁਰੂ ਅਰਜਨ ਦੇਵ ਦੀ ਕੁਰਬਾਨੀ ਦਾ ਬਲ ਹੈ। ਇਸ ਪਿਛੇ ਗੁਰੂ ਤੇਗ ਬਹਾਦਰ ਦੀ ਸ਼ਹੀਦੀ ਦੀ ਰੂਹਾਨੀ ਸ਼ਕਤੀ ਹੈ। ਇਨ੍ਹਾਂ ਵਿਚ ਗੁਰੂ ਗੋਬਿੰਦ ਸਿੰਘ ਦੇ ਅੰਮ੍ਰਿਤ ਦੀ ਤਾਸੀਰ ਹੈ।

ਦੂਜੀ ਅਵਾਜ਼ : ਵਜ਼ੀਰ ਖ਼ਾਂ, ਵਹਿਮ ਨਾ ਕਰ। ਇਹ ਲੋਕ ਮੁਗ਼ਲੀਆ ਸਲਤਨਤ

ਦਾ ਕੁਛ ਨਹੀ ਵਿਗਾੜ ਸੱਕਦੇ ।

ਪਹਿਲੀ ਅਵਾਜ਼ : ਸਭ ਕੁਝ ਵਿਗੜ ਚੁੱਕਾ ਹੈ। ਇਨ੍ਹਾਂ ਬੱਚਿਆਂ ਪਿਛੇ ਸਿੰਘਾਂ ਦੇ ਦਲਾਂ ਦੇ ਦਲ ਆ ਰਹੇ ਨੇ। ਸਰਹੰਦ ਸਿੰਘਾਂ ਨੂੰ ਅਵਾਜ਼ਾਂ ਮਾਰ ਰਹੀ ਹੈ। ਜ਼ਰਾ ਕੰਨ ਖੋਲ੍ਹ ਕੇ ਸੁਣ :—

ਅਵਾਜ਼ਾਂ : (ਰੰਗ ਮੰਚ ਪਿਛੋਂ) ਦੇਗ਼ ਤੇਗ਼ ਫ਼ਤਹ !

ਸਤਿ ਸ੍ਰੀ ਅਕਾਲ !

ਸਿੰਘੋ, ਸਰਹੰਦ ਚਲੋ !

ਵਜ਼ੀਰ ਖ਼ਾਂ : (ਡਰਿਆ ਹੋਇਆ) ਬੜੀਆਂ ਖ਼ਤਰਨਾਕ ਅਵਾਜ਼ਾਂ ਨੇ ।

ਪਹਿਲੀ ਅਵਾਜ਼ : ਇਹ ਲੋਕ ਸਰਹੰਦ ਦੀ ਇਟ ਨਾਲ ਇਟ ਖੜਕਾ ਦੇਣਗੇ। ਮੁਗ਼ਲ, ਤੇਰੇ ਐਸ਼ ਮਹੱਲ ਨੂੰ ਸਾੜ-ਫੂਕ ਦੇਣਗੇ। ਸਾਰੇ ਮੁਲਕ ਅੰਦਰ ਅੱਗ ਲਾ ਦੇਣਗੇ। ਰਾਜ ਦੀਆਂ ਜੜ੍ਹਾਂ ਹਲਾ ਦੇਣਗੇ।

ਵਜ਼ੀਰ ਖ਼ਾਂ : ਸਾੜ ਫੂਕ ਦਣਗੇ, ਹੈਂ ! ਉਸ ਕੋਨੇ ਵਿਚ ਅੱਗ ਕੈਸੀ ਸੁਲਗ ਰਹੀ ਹੈ ! ਦੋ ਚੰਗਿਆੜੇ !

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਇਹ ਦੋ ਚੰਗਿਆੜੇ ਤੇਰੀਆਂ ਅੱਖਾਂ ਸਾਮ੍ਹਣੇ ਭਾਂਬੜ ਬਣ ਜਾਣਗੇ ।

ਵਜ਼ੀਰ ਖ਼ਾਂ : (ਡਰਦਾ ਹੋਇਆ) ਹੈਂ ! ਤੂੰ ਕੌਣ ਹੈਂ ?

ਪਹਿਲੀ ਅਵਾਜ਼ : ਮੈਂ ਗੁਰੂ ਦਾ ਇਕ ਨਿਮਾਣਾ ਜਿਹਾ ਸਿਖ ਟੋਡਰ ਮਲ ।

ਵਜ਼ੀਰ ਖ਼ਾਂ : ਟੋਡਰ ਮੱਲ ਕੌਣ ? ਤੂੰ ਇਥੇ ਕਿਆ ਕਰ ਰਿਹਾ ਹੈਂ ?

ਪਹਿਲੀ ਅਵਾਜ਼ : ਸ਼ਹੀਦਾਂ ਦਾ ਚੰਦਨ ਦੀ ਚਿਖਾ ਵਿਚ ਸਸਕਾਰ ਕਰ ਰਿਹਾ ਹਾਂ ।

ਵਜ਼ੀਰ ਖ਼ਾਂ : ਤੂੰ ਇਹ ਲਾਸ਼ਾਂ ਕਿੱਦ , ਕਿਥੋਂ ਲਈਆਂ ਹੈਨ ?

ਪਹਿਲੀ ਅਵਾਜ਼ : ਤੇਰੇ ਵਫ਼ਾਦਾਰ ਅਹਿਲਕਾਰਾਂ ਨੂੰ ਰਿਸ਼ਵਤ ਦੇ ਕੇ ।

ਵਜ਼ੀਰ ਖ਼ਾਂ : ਮੈਂ ਉਨ੍ਹਾਂ ਨੂੰ ਸਖ਼ਤ ਸਜ਼ਾ ਦੇਵਾਂਗਾ। ਯਹ ਕਿਆ ਬਦ-ਤਮੀਜ਼ੀ ਹੈ !

ਪਹਿਲੀ ਅਵਾਜ਼ : ਕੀਤੇ ਦੀ ਸਜ਼ਾ ਪਹਿਲਾਂ ਤੈਨੂੰ ਭੁਗਤਣੀ ਪਵੇਗੀ। ਤੂੰ ਹੁਣ ਬਚ ਨਹੀਂ ਸਕਦਾ ।

ਵਜ਼ੀਰ ਖ਼ਾਂ : ਹੈਂ ! ਅੱਗ ਫੈਲਦੀ ਜਾ ਰਹੀ ਹੈ ?

ਪਹਿਲੀ ਅਵਾਜ਼ : ਇਹ ਅੱਗ ਇਨਕਲਾਬ ਦਾ ਨਿਸ਼ਾਨ ਹੈ। ਇਹ ਸਰਹੰਦ ਨੂੰ ਭਸਮ ਕਰ ਦੇਵੇਗੀ। ਤੂੰ ਹੁਣ ਇਸ ਦੀ ਲਪੇਟ ਵਿਚੋਂ ਨਿਕਲ ਨਹੀਂ ਸਕਦਾ ।

ਵਜ਼ੀਰ ਖ਼ਾਂ : (ਡਰ ਨਾਲ ਕੰਬਦਾ ਹੋਇਆ) ਤੁਸੀਂ ਕੌਣ ਹੋ ? ਮੇਰੇ ਵਲ ਲਾਲ ਲਾਲ ਅੱਖਾਂ ਅੱਡ ਕੇ ਕਿਉਂ ਝਾਕਦੇ ਹੋ ?

ਦੂਜੀ ਅਵਾਜ਼ : ਤੂੰ ਸਾਨੂੰ ਨਹੀਂ ਪਛਾਣਦਾ ?

ਵਜ਼ੀਰ ਖ਼ਾਂ : ਨਹੀਂ ।

ਦੂਜੀ ਅਵਾਜ਼ : ਅਸੀਂ ਹਾਂ, ਸ਼ਾਸ਼ਲ ਬੇਗ ਤੇ ਬਾਸ਼ਲ ਬੇਗ, ਤੇਰੇ ਪੁਰਾਣੇ ਖ਼ਾਦਮ ਸ਼ਾਹੀ ਜੱਲਾਦ !

ਵਜ਼ੀਰ ਖ਼ਾਂ : (ਕੰਬਦਾ ਹੋਇਆ) ਕੌਣ, ਜੱਲਾਦ ? ਪਰੇ ਰਹੋ !

ਦੂਜੀ ਅਵਾਜ਼ : ਵਜ਼ੀਰ ਖਾਂ, ਭੁਲ ਗਿਆ ਹੈਂ ? ਪਹਿਲਾਂ ਤੂੰ ਬੱਚਿਆਂ ਨੂੰ ਨੀਂਹਾ ਵਿਚ ਚੁਣਾਇਆ, ਫੇਰ ਸਾਨੂੰ ਬੇਗੁਨਾਹ ਬੱਚਿਆ ਨੂੰ ਕਤਲ ਕਰਨ ਦਾ ਹੁਕਮ ਦਿਤਾ ।

ਵਜ਼ੀਰ ਖ਼ਾਂ : ਉਹ ਤੁਹਾਡਾ ਰੋਜ਼ ਦਾ ਧੰਦਾ ਸੀ ।

ਦੂਜੀ ਅਵਾਜ਼ : ਹੁਣ ਸਾਨੂੰ ਰੱਬੀ ਹੁਕਮ ਹੈ—

ਵਜ਼ੀਰ ਖ਼ਾਂ : ਉਹ ਕਿਆ ?

ਦੂਜੀ ਅਵਾਜ਼ : ਕਿ ਉਸ ਅੱਗ ਵਿਚ ਤੈਨੂੰ ਵੀ ਸਾੜਿਆ ਜਾਵੇ ।

ਵਜ਼ੀਰ ਖ਼ਾਂ : (ਚੀਖਦਾ ਹੋਇਆ) ਠਹਿਰੋ ! ਮੈਨੂੰ ਹੱਥ ਨਾ ਲਾਇਓ !

ਦੂਜੀ ਅਵਾਜ਼ : ਸਾਨੂੰ ਠਹਿਰਨ ਦਾ ਹੁਕਮ ਨਹੀਂ । ਜੱਲਾਦ ਤੇ ਮੌਤ ਬੇਲਿਹਾਜ਼ ਹੁੰਦੇ ਨੇ ।

ਵਜ਼ੀਰ ਖ਼ਾਂ : ਪਿਛੇ ਹੱਟੋ (ਖੰਜਰ ਹੱਥ ਵਿਚ ਲੈਂਦਾ ਹੋਇਆ) ਮੈਨੂੰ ਹੱਥ ਨਾ ਲਾਇਓ, ਨਹੀਂ ਤਾਂ ਮੈਂ......

ਦੂਜੀ ਅਵਾਜ਼ : ਹੁਣ ਤੂੰ ਬਚ ਨਹੀਂ ਸਕਦਾ ।

ਵਜ਼ੀਰ ਖ਼ਾਂ : (ਉੱਚੀ ਚੀਕਾਂ ਮਾਰਦਾ ਹੋਇਆ ਕਮਰੇ ਦੇ ਦੂਜੇ ਪਾਸੇ ਵਲ ਨਸਦਾ ਹੈ) । ਬਚਾਓ । ਬੇਗਮ ! ਬੇਗਮ ! ਮੈਨੂੰ ਬਚਾਓ, ਅੱਗ ਵਿਚ ਸਾੜ ਸੁਟਣ ਲੱਗੇ ਨੇ ।

ਬੇਗਮ : (ਛੇਤੀ ਛੇਤੀ ਅੰਦਰੋਂ ਆ ਕੇ) ਨਵਾਬ ਸਾਹਿਬ, ਕਿਆ ਬਾਤ ਹੈ ? ਫੇਰ ਦੌਰਾ ਪੈ ਗਿਆ ! ਆਪ ਕੰਬ ਕਿਉਂ ਰਹੇ ਹੋ ? ਫੇਰ ਕੋਈ ਬੁਰਾ ਖ਼ਵਾਬ ਆਇਆ ।

[ਉਸ ਨੂੰ ਛੋਹਣ ਲਗਦੀ ਹੈ ।]

ਵਜ਼ੀਰ ਖ਼ਾਂ : (ਡਰ ਨਾਲ ਚੀਕਦਾ ਹੋਇਆ) ਮੈਨੂੰ ਨਾ ਮਾਰੋ, ਮੈਂ ਬੇਕਸੂਰ ਹਾਂ । ਮੁੱਲਾਂ, ਕਾਜ਼ੀਆਂ ਨੇ ਮੈਨੂੰ ਗੁਮਰਾਹ ਕੀਤਾ ਸੀ ।

ਬੇਗਮ : (ਬੜੇ ਦੁਖ ਨਾਲ ਉਸ ਵਲ ਵੇਖਦੀ ਹੋਈ) ਉਦੋਂ ਤੁਸੀਂ ਮੇਰੀ ਇਕ ਨਾ ਮੰਨੀਂ । ਮੈਂ ਤਰਲੇ ਕਰ ਰਹੀ ਕਿ ਮਾਸੂਮ ਬੱਚਿਆਂ ਦੀ

ਆਹ ਤੁਹਾਨੂੰ ਲੈ ਲਬੇਗੀ। ਹੁਣ ਉਨ੍ਹਾਂ ਬੇਗੁਨਾਹਾਂ ਦਾ ਖ਼ੂਨ ਤੁਹਾਡੀ ਜ਼ਮੀਰ ਤੇ ਭਾਰੂ ਹੈ।

ਵਜ਼ੀਰ ਖ਼ਾਂ : ਬੇਗਮ, ਮੈਨੂੰ ਬਚਾਈਂ!

ਬੇਗਮ : (ਆਪਣੇ ਆਪ) ਮੈਂ ਕਿਆ ਕਰ ਸਕਦੀ ਹਾਂ। ਨਵਾਬ ਸਾਹਿਬ, ਹੋਸ਼ ਕਰੋ। ਦੇਖੋ, ਮੈਂ ਤੁਹਾਡੀ ਅਜ਼ੀਜ਼ਾ ਪਾਸ ਖੜੀ ਹਾਂ। ਕਮਰੇ ਵਿਚ ਸਿਵਾਏ ਮੈਥੋਂ ਹੋਰ ਕੋਈ ਨਹੀਂ।

ਵਜ਼ੀਰ ਖ਼ਾਂ : (ਡਰ ਨਾਲ ਸੁੰਗੜਦਾ ਹੋਇਆ) ਮੈਨੂੰ ਅੱਗ ਵਿਚ ਨਾ ਸਾੜੋ। ਮੋਮਨ ਲਈ ਅੱਗ ਵਿਚ ਸੜਨਾ ਭਾਰੀ ਬਦ-ਕਿਸਮਤੀ ਹੈ।

ਬੇਗਮ : (ਉਸ ਦੇ ਵਾਲਾਂ ਵਿਚ ਹੱਥ ਫੇਰਦੀ ਹੋਈ) ਉਸ ਬੁਰੇ ਵਾਕੇ ਪਿਛੋਂ ਤੁਹਾਡੀ ਨੀਂਦ ਹਰਾਮ ਹੋ ਚੁੱਕੀ ਹੈ। ਇਨ੍ਹਾਂ ਭੈੜੇ ਖ਼ਿਆਲਾਂ ਨੂੰ ਮਨ ਵਿਚੋਂ ਕੱਢਣ ਦੀ ਕੋਸ਼ਸ਼ ਕਰੋ। ਅੱਲਾ ਪਾਕ ਨੂੰ ਯਾਦ ਕਰੋ। ਇਹ ~~ਸ਼ਕਲ ਤੁਹਾਡੇ ਡਰੇ ਹੋਏ ਮਨ ਦੇ ਭੂਤ ਨੇ।~~

ਚੋਬਦਾਰ : (ਬਾਹਰੋਂ) ਨਵਾਬ ਸਾਹਿਬ ਸੂਬਾ ਸਰਹੰਦ, ਮੈਦਾਨ ਜੰਗ ਤੋਂ ਹਲਕਾਰਾ ਖ਼ਾਸ ਪੈਗਾਮ ਲੈ ਕੇ ਆਇਆ ਹੈ!

~~ਬੇਗਮ : (ਇਸ਼ਾਰੇ ਨਾਲ) ਉਸ ਨੂੰ ਦਰਵਾਜ਼ੇ ਤੇ ਲੈ ਆਓ।~~

ਹਲਕਾਰਾ : (ਬਾਹਰੋਂ) ਆਦਾਬ ਅਰਜ਼ ਬੇਗਮ ਸਾਹਿਬਾ!

ਬੇਗਮ : ਕਿਆ ਖ਼ਬਰ ਹੈ ਮੈਦਾਨ ਜੰਗ ਕੀ?

ਹਲਕਾਰਾ : ਬੰਦੇ ਦੀਆਂ ਫ਼ੌਜਾਂ ਜੰਗਲ ਦੀ ਅੱਗ ਵਾਂਗ ਵਧਦੀਆਂ ਆ ਰਹੀਆਂ ਨੇ। ਉਨ੍ਹਾਂ ਨੇ ਸ਼ੇਰ ਮੁਹੰਮਦ ਖ਼ਾਂ ਦੀਆਂ ਫ਼ੌਜਾਂ ਨੂੰ ਰੋਪੜ ਦੇ ਨਜ਼ਦੀਕ ਸ਼ਿਕੱਸਤ ਦੇ ਦਿੱਤੀ ਹੈ।

ਬੇਗਮ : ਹੈਂ (ਵਜ਼ੀਰ ਖ਼ਾਂ ਵਲ ਦੇਖਦੀ ਹੋਈ) ਬਹੁਤ ਬੁਰੀ ਖ਼ਬਰ ਹੈ! ਸ਼ੁਕਰ ਹੈ, ਇਹ ਹੋਸ਼ ਵਿਚ ਨਹੀਂ, ਵਰਨਾ ਬਹੁਤ ਬੁਰਾ ਅਸਰ ਪੈਂਦਾ।

ਹਲਕਾਰਾ : ਨਾਇਬ ਫ਼ੌਜਦਾਰ ਦਾ ਪੈਗਾਮ ਹੈ : 'ਦੁਸ਼ਮਣ ਨੂੰ ਸਰਹੰਦ ਤੋਂ ਦੂਰ ਰੋਕਣਾ ਜ਼ਰੂਰੀ ਹੈ। ਚੱਪੜ-ਚਿੜੀ ਦੇ ਮੁਕਾਮ ਤੇ ਸ਼ਾਹੀ ਫ਼ੌਜਾਂ ਮੋਰਚਾ-ਬੰਦ ਹੈਨ। ਨਵਾਬ ਸਾਹਿਬ ਦਾ ਉਸ ਜਗ੍ਹਾ ਪਹੁੰਚਣਾ ਅਜ਼ਹੱਦ ਜ਼ਰੂਰੀ ਹੈ।'

ਬੇਗਮ : (ਇਸ਼ਾਰੇ ਨਾਲ) ਜਾਓ, ਨਾਇਬ ਫ਼ੌਜਦਾਰ ਕੋ ਬੋਲੋ, ਨਵਾਬ-ਸਾਹਿਬ ਕਲ ਸੂਬਾ ਮੈਦਾਨ ਜੰਗ ਮੇਂ ਪਹੁੰਚ ਜਾਏਂਗੇ।

[ਘੜਿਆਲ ਖੜਕਦਾ ਹੈ]

ਵਜ਼ੀਰ ਖ਼ਾਂ : (ਤ੍ਰਬੱਕ ਕੇ) ਬੇਗਮ, ਆਹ ਸੁਣ !

ਬੇਗਮ : (ਉਸ ਦੀ ਪਿੱਠ ਤੇ ਹੱਥ ਰਖ ਕੇ) ਤੁਸੀਂ ਫੇਰ ਕੰਬਣ ਲੱਗ ਪਏ ਓ ।

ਵਜ਼ੀਰ ਖ਼ਾਂ : ਤੂੰ ਕੋਈ ਅਵਾਜ ਨਹੀਂ ਸੁਣ ਰਹੀ ?

ਬੇਗਮ : ਨਹੀਂ ।

ਵਜ਼ੀਰ ਖ਼ਾਂ : ਆਹ ਸੁਣ, ਨਗਾਰੇ ਦੀ ਗਰਜ਼ ਅੋਰ ਨਾਹਰੇ ।

ਬੇਗਮ : ਮੈਨੂੰ ਕੁਛ ਸੁਣਾਈ ਨਹੀਂ ਦਿੰਦਾ। ਇਹ ਸਭ ਤੁਹਾਡੇ ਮਨ ਦਾ ਡਰ ਹੈ ।

ਵਜ਼ੀਰ ਖ਼ਾਂ : ਮੈਦਾਨ ਜੰਗ ਤੋਂ ਖ਼ਤਰਨਾਕ ਅਵਾਜ਼ਾਂ ਆ ਰਹੀਆਂ ਨੇ ।

ਬੇਗਮ : ਕਿਹੋ ਜਹੀਆਂ ?

ਵਜ਼ੀਰ ਖ਼ਾਂ : ਆਹ ਸਿਘਾਂ ਦੇ ਜੈਕਾਰੇ ਸੁਣ ।

ਅਨੇਕਾਂ ਅਵਾਜ਼ਾਂ : (ਰੰਗ ਮੰਚ ਪਿਛੋਂ)

ਦੇਗ ਤੇਗ ਫ਼ਤਹ !

ਸਤਿ ਸ੍ਰੀ ਅਕਾਲ !

ਸਿੰਘੋ, ਸਰਹੰਦ ਚਲੋ !

ਬੇਗਮ : ਤੁਸੀਂ ਹੋਸ਼ ਵਿਚ ਆਓ, ਕੁਝ ਨਹੀਂ ਹੋਣ ਲੱਗਾ ।

ਵਜ਼ੀਰ ਖ਼ਾਂ : ਉਨ੍ਹਾਂ ਨੇ ਸਮਾਣਾ, ਸਢੋਰਾਂ, ਸਹਾਰਨਪੁਰ ਬਰਬਾਦ ਕਰ ਦਿੱਤੇ ਨੇ । ਕਿਸਾਨਾਂ ਵਿਚ ਬਗ਼ਾਵਤ ਫੈਲਾ ਦਿੱਤੀ ਹੈ । ਬੰਦੇ ਦਾ ਨਾਹਰਾ ਪਤਾ ਕਿਆ ਹੈ ?

ਬੇਗਮ : ਨਹੀਂ ।

ਵਜ਼ੀਰ ਖ਼ਾਂ : ਸਿੰਘੋ ਆਓ, ਤੁਹਾਨੂੰ ਸਰਹੰਦ ਅਵਾਜ਼ਾਂ ਮਾਰਦੀ ਹੈ ।

ਬੇਗਮ : ਮੈਂ ਹੈਰਾਨ ਹਾਂ, ਇਹ ਸਭ ਕੁਛ ਕਿਸ ਤਰ੍ਹਾਂ ਹੋ ਰਿਹਾ ਹੈ ।

ਵਜ਼ੀਰ ਖ਼ਾਂ : ਲੋਕ ਕਹਿੰਦੇ ਸਨ, ਮੈਂ ਨਹੀਂ ਸਾਂ ਮੰਨਦਾ । ਗੁਰੂ ਦੇ ਅੰਮ੍ਰਿਤ ਵਿਚ ਕੋਈ ਕਰਾਮਾਤ ਹੈ ।

ਬੇਗਮ : ਕਿਆ ਤੁਸੀਂ ਵੀ ਮੰਨ ਗਏ ਹੋ ?

ਵਜ਼ੀਰ ਖ਼ਾਂ : ਬੇਗਮ, ਛੇਤੀ ਤੈਨੂੰ ਵੀ ਮੰਨਣਾ ਪਵੇਗਾ । ਇਹ ਖ਼ਤਰਨਾਕ ਨਾਹਰੇ ਹੋਰ ਬੁਲੰਦ ਹੋ ਰਹੇ ਨੇ ।

ਬੇਗਮ : ਨਵਾਬ ਸਾਹਿਬ, ਹੌਸਲਾ ਰੱਖੋ ।

ਵਜ਼ੀਰ ਖ਼ਾਂ : ਬੇਗਮ, ਤੂੰ ਬੱਚਿਆਂ ਨੂੰ ਲੈ ਕੇ ਫ਼ੌਰਨ ਦਿੱਲੀ ਚਲੀ ਜਾਹ ।

ਬੇਗਮ : (ਮਨ ਵਿਚ) ਆਪਣੇ ਬੱਚਿਆਂ ਦਾ ਇਨ੍ਹਾਂ ਨੂੰ ਕਿੰਨਾ ਖ਼ਿਆਲ ਹੈ।

ਵਜ਼ੀਰ ਖ਼ਾਂ : ਬੇਗਮ, ਮੈਂ ਹੁਕਮ ਦਿੰਦਾ ਹਾਂ, ਤੂੰ ਫ਼ੌਰਨ ਦਿੱਲੀ ਚਲੀ ਜਾ।

ਬੇਗਮ : ਮੈਂ ਅੱਗੇ ਹੀ ਜਾਣ ਦੀ ਤਿਆਰੀ ਕੀਤੀ ਹੋਈ ਹੈ। ਪਰ ਤੁਹਾਨੂੰ ਇਸ ਹਾਲਤ ਵਿਚ ਛੱਡ ਕੇ ਕਿਸ ਤਰ੍ਹਾਂ ਜਾ ਸਕਦੀ ਹਾਂ।

ਵਜ਼ੀਰ ਖ਼ਾਂ : ਮੇਰਾ ਹੁਕਮ ਹੈ, ਤੂੰ ਫ਼ੌਰਨ ਚਲੀ ਜਾ। ਜੇ ਸਾਡੀ ਫ਼ਤਹ ਹੋ ਗਈ ਤਾਂ ਮੈਂ ਜਲਦ ਮੰਗਵਾ ਲਵਾਂਗਾ।

ਬੇਗਮ : ਫ਼ਿਕਰ ਨਾ ਕਰੋ, ਬੰਦੇ ਦੀਆਂ ਸੱਰਸ਼ਾਂ ਦੀ ਖ਼ਬਰ ਸੁਣ ਕੇ ਸ਼ਹਿਨਸ਼ਾਹ ਨੇ ਦਿੱਲੀ ਵਲ ਕੂਚ ਕਰ ਦਿੱਤਾ ਹੈ।

ਵਜ਼ੀਰ ਖ਼ਾਂ : ਬਾਦਸ਼ਾਹ ਦੇ ਪੁੱਜਣ ਤੋਂ ਪਹਿਲਾਂ ਜੇ ਬੰਦੇ ਨੇ, ਸਰਹੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ, ਫੇਰ ?

ਬੇਗਮ : ਫ਼ਿਕਰ ਨਾ ਕਰੋ, ਮੁਜਾਹਦ ਹਜ਼ਾਰਾਂ ਦੀ ਗਿਣਤੀ ਵਿਚ 'ਕੱਠੇ ਹੋ ਗਏ ਨੇ।

[ਘੜਿਆਲ ਖੜਕਦਾ ਹੈ]

ਵਜ਼ੀਰ ਖ਼ਾਂ : ਇਹ ਅਵਾਜ਼ ਬੰਦ ਕਰੋ।

ਬੇਗਮ : ਨਵਾਬ ਸਾਹਿਬ !

ਵਜ਼ੀਰ ਖ਼ਾਂ : ਉਸ ਦੀਵਾਰ ਨੂੰ ਮੇਰੀਆਂ ਅੱਖਾਂ ਤੋਂ ਦੂਰ ਹਟਾਓ, ਵਰਨਾ ਮੈਂ ਪਾਗ਼ਲ ਹੋ ਜਾਵਾਂਗਾ। ਨਫ਼ਰਤ ਤੇ ਗੁੱਸੇ ਨਾਲ ਮੇਰਾ ਸਿਰ ਫਟ ਜਾਵੇਗਾ।

ਪਹਿਲੀ ਅਵਾਜ਼ : ਵਜ਼ੀਰ ਖ਼ਾਂ, ਇਹ ਦੀਵਾਰ ਜੁਗਾਂ-ਜੁਗਾਂਤਰਾਂ ਤਕ ਖੜੀ ਰਹੇਗੀ। ਇਹ ਯਾਦਗਾਰ ਉਦੋਂ ਵੀ ਕਾਇਮ ਰਹੇਗੀ, ਜਦੋਂ ਤੂੰ ਤੇ ਤੇਰੇ ਸ਼ਹਿਨਸ਼ਾਹ ਦਾ ਨਾਮੋ-ਨਿਸ਼ਾਨ ਵੀ ਨਹੀਂ ਰਹੇਗਾ।

ਵਜ਼ੀਰ ਖ਼ਾਂ : ਨਹੀਂ ! ਨਹੀਂ !! ਮੈਂ ਇਸ ਦਾ ਨਾਮੋ-ਨਿਸ਼ਾਨ ਮਿਟਾ ਦਿਆਂਗਾ।

ਪਹਿਲੀ ਅਵਾਜ਼ : ਇਹ ਦੀਵਾਰ ਹਮੇਸ਼ਾ ਲੋਕਾਂ ਨੂੰ ਕੁਰਬਾਨੀ, ਦ੍ਰਿੜ੍ਹਤਾ ਤੇ ਸੱਚਾਈ ਦਾ ਸਬਕ ਸਿਖਾਏਗੀ। ਇਹ ਦੀਵਾਰ ਫ਼ਤਹ ਦਾ ਅਟੱਲ ਨਿਸ਼ਾਨ ਹੈ। ਇਹ ਦੀਵਾਰ ਲੋਕਾਂ ਵਿਚ ਬੀਰਤਾ ਦਾ ਉਤਸ਼ਾਹ ਜਗਾਂਦੀ ਰਹੇਗੀ।

ਬੇਗਮ : ਨਵਾਬ ਸਾਹਿਬ, ਬਹਾਦਰ ਬਣੋ। ਹੌਸਲਾ ਹਾਰਨਾ ਮਰਦਾਂ ਦਾ ਕੰਮ ਨਹੀਂ। ਉਠੋ।

ਵਜ਼ੀਰ ਖ਼ਾਂ : (ਖ਼ੰਜਰ ਉਲਾਰ ਕੇ) ਮੈਂ ਇਹ ਅਵਾਜ਼ ਬੰਦ ਕਰ ਦਿਆਂਗਾ। ਇਸ ਦੀਵਾਰ ਨੂੰ ਗਿਰਾ ਦਿਆਂਗਾ। ਇਨ੍ਹਾਂ ਬੱਚਿਆਂ ਨੂੰ ਮੈਂ ......

[ਗ਼ੁੱਸੇ ਦੇ ਪਾਗਲਪੁਣੇ ਵਿਚ ਕੰਧ ਨੂੰ ਖੰਜਰ ਮਾਰਦਾ ਮਾਰਦਾ ਅਖੀਰ ਹਫ਼ ਕੇ ਬੇਸੁਰਤ ਡਿਗ ਪੈਂਦਾ ਹੈ।]

ਬੇਗਮ : (ਦੌੜ ਕੇ ਉਸ ਪਾਸ ਜਾਂਦੀ ਹੋਈ) ਨਵਾਬ ਸਾਹਿਬ, ਉਠੋ !

ਅਵਾਜ਼ : (ਵਿਅੰਗ ਭਰੇ ਹਾਸੇ ਨਾਲ) ਹੁਣ ਇਹ ਉਠਣ ਜੋਗਾ ਨਹੀਂ ਰਿਹਾ।

ਬੇਗਮ : ਹੈਂ ! ਤੂੰ ਕੌਣ ਹੈਂ ?

ਅਵਾਜ਼ : ਤੇਰੀ ਜਾਗੀ ਹੋਈ ਜ਼ਮੀਰ ਦੀ ਆਵਾਜ਼ !

ਬੇਗਮ : ਮੈਂ ਨਵਾਬ ਸਾਹਿਬ ਨੂੰ ਉਠਾਲ ਕੇ ਛੱਡਾਂਗੀ। ਮੇਰੇ ਆਕਾ ਉਠੋ।

ਅਵਾਜ਼ : (ਉੱਚੀ ਹਾਸੇ ਵਿਚ) ਤੂੰ ਇਸ ਦੇ ਜਿਸਮ ਨੂੰ ਉਠਾਲ ਸਕਦੀ ਹੈਂ ਪਰ ਜ਼ਮੀਰ ਨੂੰ ਜਿਵਾਂ ਨਹੀਂ ਸਕਦੀ। ਜ਼ੋਰ-ਜ਼ੁਲਮ ਨੇ ਇਸ ਦੀ ਜ਼ਮੀਰ ਕੁਚਲ ਦਿੱਤੀ ਹੈ। ਇਹ ਹੁਣ ਬਿਨਾਂ ਰੂਹ ਤੋਂ ਮੁਰਦਾ ਹੈ...... ਜੀਉਂਦੀ ਲਾਸ਼ !

ਬੇਗਮ : ਮੈਂ ਨਵਾਬ ਸਾਹਿਬ ਦੀ ਥਾਂ ਸਰਹੰਦ ਦੀ ਰਖਿਆ ਕਰਾਂਗੀ।

ਅਵਾਜ਼ : ਬੇਗਮ, ਤੂੰ ਬਹੁਤ ਨਾਜ਼ਕ-ਮਜਾਜ਼ ਹੈਂ, ਵਕਤ ਦੀ ਨਜ਼ਾਕਤ ਨੂੰ ਪਛਾਣ ਨਹੀਂ ਰਹੀ। ਜਦੋਂ ਜਗਾਣ ਦਾ ਵਕਤ ਸੀ, ਉਦੋਂ ਤੂੰ ਕੋਸ਼ਿਸ਼ ਨਹੀਂ ਕੀਤੀ। ਹੁਣ ਸੱਚ ਦੀ ਹਨੇਰੀ ਅੱਗੇ ਝੂਠ ਦੀ ਕੰਧ ਖੜੀ ਨਹੀਂ ਰਹਿ ਸਕਦੀ। ਸਰਹੰਦ ਦੀਆਂ ਇੱਟਾਂ ਵੀ ਰੋਣਗੀਆਂ।

ਬੇਗਮ : (ਕੰਬਦੀ ਹੋਈ) ਐ ਗ਼ੈਬੀ ਆਵਾਜ਼ ! ਨਵਾਬ ਸਾਹਿਬ ਦੀ ਥਾਂ ਮੈਂ ਮੁਆਫ਼ੀ ਮੰਗਦੀ ਹਾਂ। ਦਿਲੋਂ ਇਹ ਐਨਾ ਬੁਰਾ ਆਦਮੀ ਨਹੀਂ।

ਅਵਾਜ਼ : ਬੇਗਮ, ਵਕਤ ਬਹੁਤ ਬਲਵਾਨ ਹੈ, ਜੋ ਅਜ ਜ਼ਾਲਮ ਹੈ ਕਲ ਮਜ਼ਲੂਮ ਬਣ ਜਾਂਦਾ ਹੈ। ਉਸ ਦੇ ਬਦ-ਅਮਲਾਂ ਦੀ ਸਜ਼ਾ ਤੂੰ ਨਹੀਂ ਭੁਗਤ ਸਕਦੀ। ਆਪਣਾ ਫ਼ਰਜ਼ ਨਿਭਾ, ਹੋਣੀ ਦੇ ਮੁਕਾਬਲੇ ਲਈ ਇਸ ਨੂੰ ਤਿਆਰ ਕਰ।

ਬੇਗਮ : (ਬੜੀ ਦਲੇਰੀ ਨਾਲ) ਨਵਾਬ ਸਾਹਿਬ, ਉਠੋ ਦੇਖੋ, ਬੰਦਾ ਬਹਾਦਰ ਦੀਆਂ ਫ਼ੌਜਾਂ ਸਰਹੰਦ ਉਤੇ ਹਮਲਾ ਕਰਨ ਵਾਲੀਆਂ ਨੇ।

ਨਵਾਬ : (ਇਕ-ਦਮ ਉਬੜ-ਵਾਹਾ ਉਠ ਕੇ) ਹੈਂ ! ਫ਼ੌਜਾਂ ਨੇ ਸਰਹੰਦ ਉੱਤੇ ਹੱਲਾ ਬੋਲ ਦਿੱਤਾ !

ਬੇਗਮ : ਸ਼ਾਬਾਸ਼ ਨਵਾਬ ਸਾਹਿਬ ! ਬਹਾਦਰਾਂ ਵਾਂਗ ਮੈਦਾਨੇ ਜੰਗ ਵਿਚ ਜਾ ਕੇ ਦੁਸ਼ਮਣ ਨੂੰ ਹੱਥ ਦਿਖਾਓ।

ਅਵਾਜ਼ : ਬੇਗਮ, ਇਸ ਦੀ ਇਖ਼ਲਾਕੀ ਮੌਤ ਹੋ ਚੁੱਕੀ ਹੈ, ਔਰ ਬੱਚੇ ਹਮੇਸ਼ਾ ਲਈ ਜ਼ਿੰਦਾ ਹੈਨ।

ਬੇਗਮ : (ਉੱਚੀ ਚੀਕ ਕੇ) ਨਵਾਬ ਸਾਹਿਬ, ਬੱਚੇ ਸੱਚ-ਮੁੱਚ ਜ਼ਿੰਦਾ ਹੈਨ। ਸਾਮ੍ਹਣੇ ਦੇਖੋ।

ਨਵਾਬ : ਬੇਗਮ, ਤੂੰ ਮੇਰੀ ਗੱਲ ਦਾ ਯਕੀਨ ਨਹੀਂ ਸੀ ਕਰ ਰਹੀ। ਬੱਚੇ ਜ਼ਿੰਦਾ ਨੇ !

[ਦੋਵੇਂ ਕੰਬਦੇ ਹੋਏ ਕੰਧ ਵਲ ਦੇਖਦੇ ਹਨ।]

ਅਵਾਜ਼ : ਯਾਦ ਰਖੋ, ਹੁਕਮਰਾਨ ਦੇ ਹਰ ਅਮਲ ਦਾ ਜ਼ਮਾਨਾ ਜਵਾਬ ਮੰਗਦਾ ਹਾਂ।

[ਦੋਵੇਂ ਸਹਿਜ ਸੁਭਾ ਸਿਰ ਝੁਕਾਂਦੇ ਹਨ। ਬੇਗਮ ਨਵਾਬ ਨੂੰ ਬਾਹੋਂ ਫੜ ਕੇ ਸਟੇਜ ਤੋਂ ਬਾਹਰ ਲੈ ਜਾਂਦੀ ਹੈ।]

ਮਰਦ : ਧੰਨ ਹੈਂ ਤੂੰ ਵਣ ਦੇਵਤਾ !

ਬੋਹੜ : ਮੈਂ ਧੰਨ ਨਹੀਂ, ਸਿਖ ਗੁਰੂ ਤੇ ਸੂਰਮੇ ਧੰਨ ਹਨ !

ਮਰਦ : ਇਹ ਤਿੰਨੇ ਝਾਕੀਆਂ ਦਿਖਾ ਕੇ ਤੂੰ ਸਾਨੂੰ ਅਕਹਿ ਭਾਵੁਕ ਤਜਰਬਾ ਪ੍ਰਦਾਨ ਕੀਤਾ ਏ।

ਇਸਤ੍ਰੀ : ਖੋਜ ਲਈ ਸਾਨੂੰ ਨਵੀਂ ਦਿਸ਼ਾ ਦਿਖਾਈ ਏ।

ਮਰਦ : ਅਸੀਂ ਹੁਣ ਪੰਜਾਬ ਦੇ ਇਤਿਹਾਸ ਨੂੰ ਹੋਰ ਗਹੁ ਨਾਲ ਪੜਤਾਲਾਂਗੇ।

ਬੋਹੜ : ਇਹ ਦੱਸੋ, ਗੁਰੂ ਨਾਨਕ ਦੇਵ ਦੇ ਆਗਮਨ ਤੋਂ ਪਹਿਲਾਂ ਪੰਜਾਬ ਕਿਸੇ ਗਿਣਤੀ ਵਿਚ ਸੀ ?

ਇਸਤ੍ਰੀ : ਬਿਲਕੁਲ ਨਹੀਂ।

ਮਰਦ : ਪੰਜਾਬ ਕੇਵਲ ਧਾੜਵੀਆਂ ਦਾ ਰਾਹ ਸੀ। ਕਦੇ ਕਿਸੇ ਤਾਕਤ ਦਾ ਸੂਬਾ, ਕਦੇ ਕਿਸੇ ਸਲਤਨਤ ਦਾ ਟੁਕੜਾ ਬਣਦਾ ਸੀ।

| | | |
|---|---|---|
| ਬੋਹੜ | : | ਮਹਾਨ ਗੁਰੂ ਗੋਬਿੰਦ ਸਿੰਘ ਦੇ ਖੜਗਧਾਰੀ ਸਿੰਘਾਂ ਨੇ ਭਾਰਤ ਦੇ ਇਤਿਹਾਸ ਦਾ ਰੁਖ਼ ਬਦਲ ਦਿੱਤਾ। |
| ਮਰਦ | : | ਸਹੀ ਹੈ, ਸਿੱਖਾਂ ਨੇ ਉੱਤਰ ਵਲੋਂ ਧਾੜਵੀਆਂ ਦਾ ਮੂੰਹ ਮੋੜ ਕੇ ਭਾਰਤ ਦੀ ਸਭ ਤੋਂ ਵੱਡੀ ਸੇਵਾ ਕੀਤੀ ਏ। |
| ਇਸਤ੍ਰੀ | : | ਵਣ ਦੇਵਤਾ, ਤੇਰੀ ਕੀਰਤੀ ਅਸੀਂ ਭੁਲ ਨਹੀਂ ਸਕਦੇ। |
| ਮਰਦ | : | ਸਾਨੂੰ ਕੋਈ ਸਦੀਵੀ ਦਾਤ ਬਖ਼ਸ਼। |
| ਬੋਹੜ | : | ਜਾਓ ਤੇ ਯਾਦ ਰਖੋ, ਬਿਨਾਂ ਕੁਰਬਾਨੀ, ਆਤਮ-ਸਮਰਪਣ ਤੇ ਅਣਥਕ ਮਿਹਨਤ ਦੇ ਕਦੇ ਕਿਸੇ ਨੇ ਕੁਝ ਪ੍ਰਾਪਤ ਨਹੀਂ ਕੀਤਾ। |

[ਪਰਦਾ]